
ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥




# ਸ਼ਹੀਦੀ ਅੰਕ

[ ਮਈ ੧੯੬੬ ]

## ਗੁਰ ਅਰਜਨ ਵਿਟਹੁ ਕੁਰਬਾਣੀ

ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕਲੀਨ ਹੇਤੁ ਨਿਰਬਾਣੀ ॥
ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ ॥
ਸਬਦ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ ॥
ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ ॥
ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ ॥
ਗੁਰਮੁਖਿ ਸੁਖ ਫਲ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ ॥
ਗੁਰ ਅਰਜਨ ਵਿਟਹੁ ਕੁਰਬਾਣੀ ॥੨੩॥ (੨੪)

ਪ੍ਰਤੀ ਕਾਪੀ ੫੦ ਪੈਸੇ      ਸ਼ਾਲਾਨਾ ਚੰਦਾ ੫-੦੦

ਸੇਵਕ :

**ਅਖੰਡ ਕੀਰਤਨੀ ਜੱਥਾ, ਪਟਿਆਲਾ**

www.AKJ.org

www.AKJ.org
www.AKJ.Org

੧ ਓ ਵਾਹਿਗੁਰੂ ਜੀ ਕੀ ਫਤਹਿ ॥

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਸਰਬ-ਹਿੰਦ ਅਖੰਡ-ਕੀਰਤਨੀ ਜੱਥਿਆਂ ਦੀ ਸਰਪ੍ਰਸਤੀ ਹੇਠ

## ਗੁਰਮਤਿ ਪ੍ਰਚਾਰਕ ਮਾਸਕ ਪੱਤਰ—

# ਸੂਰਾ

## (ਸ੍ਰੀ ਅੰਮ੍ਰਿਤਸਰ)

ਜਿਲਦ ਨੰ: ੧ ਵੈਸਾਖ-ਜੇਠ ੪੯੭ ਨਾਨਕ ਸ਼ਾਹੀ ਅੰਕ ਨੰ: ੪

ਹਰਿ ਜੇਠਿ ਜੁੜੰਦਾ ਲੋੜੀਐ, ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ, ਕਿਸੈ ਨ ਦੇਈ ਬੰਨਿ ॥
ਮਾਣਕ ਮੋਤੀ ਨਾਮੁ ਪ੍ਰਭ, ਉਨ ਲਗੈ ਨਾਹੀ ਸੰਨਿ ॥
ਰੰਗ ਸਭੇ ਨਾਰਾਇਣੈ, ਜੇਤੇ ਮਨਿ ਭਾਵੰਨਿ ॥
ਜੋ ਹਰਿ ਲੋੜੇ ਸੋ ਕਰੇ, ਸੋਈ ਜੀਅ ਕਰੰਨਿ ॥
ਜੋ ਪ੍ਰਭਿ ਕੀਤੇ ਆਪਣੇ, ਸੇਈ ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ, ਵਿਛੁੜਿ ਕਿਉ ਰੋਵੰਨਿ ॥
ਸਾਧੂ ਸੰਗੁ ਪਰਾਪਤੇ, ਨਾਨਕ ਰੰਗ ਮਾਣੰਨਿ ॥
ਹਰਿ ਜੇਠੁ ਰੰਗੀਲਾ ਤਿਸੁ ਧਣੀ, ਜਿਸ ਕੈ ਭਾਗੁ ਮਥੰਨਿ ॥੪॥

(ਬਾਰਹਮਾਹਾ ਮਾਂਝ ਮਹਲਾ ੫ ਘਰੁ ੪)

ਸਲਾਹਕਾਰ ਬੋਰਡ

ਬਾਊ ਮਲ ਸਿੰਘ ਜੀ
ਭਾਈ ਮਹਿੰਦਰ ਸਿੰਘ
ਭਾਈ ਅਜੀਤ ਸਿੰਘ
ਭਾਈ ਜੋਗਿੰਦਰ ਸਿੰਘ
ਭਾਈ ਸੇਵਾ ਸਿੰਘ
ਭਾਈ ਮਨਮੋਹਨ ਸਿੰਘ

ਆਨਰੇਰੀ ਐਡੀਟਰ
ਗਿ: ਜਸਵੰਤ ਸਿੰਘ
ਬੀ. ਏ., ਬੀ. ਟੀ.

www.AKJ.Org

# ਲੇਖ–ਸੂਚੀ


| ਨੰਬ੍ਰ ਲੇਖ | ਪੰਨਾ | ਲੇਖਕ |
|---|---|---|
| ੧. ਪਰਨਾਮ ! ਪੰਚਮ ਪਾਤਿਸ਼ਾਹ !! | ੩ | ਐਡੀਟਰ |
| ੨. ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਨਿਸ਼ਕਾਮ ਭਗਤੀ | ੫ | ਭਾ: ਸਾਹਿਬ ਭਾ: ਰਣਧੀਰ ਸਿੰਘ |
| ੩. ਅਮਰ ਸ਼ਹੀਦ | ੮ | ਭਾਈ ਹਰਚੰਦ ਸਿੰਘ ਲੰਡਨ |
| ੪. ਗੁਰ ਅਰਜਨ ਵਿਟਹੁ ਕੁਰਬਾਣੀ | ੧੬ | ਭਾਈ ਮਨਜੀਤ ਸਿੰਘ |
| ੫. ਪੰਚਮਸਤਿਗੁਰੂ ਜੀਦੀ ਅਦੁਤੀ ਦੇਣ | ੨੦ | ਸ: ਪ੍ਰਕਾਸ਼ ਸਿੰਘ ਐਮ. . |
| ੬. ਮਰਨ ਵਰਤ ਤੇ ਗੁਰਮਤਿ | ੨੮ | ਭਾਈ ਸਾਹਿਬ ਜੋਗਿੰਦਰ ਸਿੰਘ |
| ੭. ਬਾਬਾ ਵੈਦ ਰੋਗੀਆਂ ਦਾ | ੩੦ | ਭਾਈ ਸਾਹਿਬ ਮਨਮੋਹਨ ਸਿੰਘ |
| ੮. ਖਾਲਸਈ ਰਹਿਤ ਮਰਿਆਦਾ ਦਾ ਤੋਲ ਮਾਪ | ੩੩ | ਭਾਈ ਸਾਹਿਬ ਹਰੀ ਸਿੰਘ |
| ੯. ਗੁਰੂ ਗ੍ਰੰਥ ਤੇ ਪੰਥ | ੩੭ | ਭਾਈ ਸਾਹਿਬ ਕ੍ਰਿਪਾਲ ਸਿੰਘ |
| ੧੦. ਆਇਓ ਸੁਨਨ ਪੜਨ ਕਉ ਬਾਣੀ | ੪੨ | ਭਾਈ ਸਾਹਿਬ ਅਜੀਤ ਸਿੰਘ |
| ੧੧. "ਕਰ ਹਲੇ" ਜਾ "ਕਰਹਲੇ" | ੫੦ | ਐਡੀਟਰ |
| ੧੨. ਡਿਠੇ, ਸੁਣੇ ਤੇ ਹਡੀਂ ਵਾਪਰੇ ਬ੍ਰਿਤਾਂਤ | ੫੨ | ਭਾਈ ਸਾਹਿਬ ਭਾਈ ਸੁਰਜਨ ਸਿੰਘ ਜੀ |


## ਜ਼ਰੂਰੀ ਬੇਨਤੀ

ਖ਼ਾਲਸਾ ਜੀ ! ਇਹ ਪਰਚਾ ਕੇਵਲ ਗੁਰਮਤਿ ਦੇ ਪਰਚਾਰ ਨੂੰ ਮੁਖ ਰਖ ਕੇ ਚਲਾਇਆ ਗਿਆ ਹੈ। ਇਹ ਪਰਚਾ ਸਭ ਦਾ ਸਾਂਝਾ ਹੈ। ਇਸ ਪਰਚੇ ਵਿਚ ਕਿਸੇ ਨੂੰ ਕੋਈ ਜ਼ਾਤੀ ਲਾਭ ਨਹੀਂ। ਅਗਲੇ ਮਹੀਨੇ ਤੋਂ ਇਹ ਪਰਚਾ ਆਪਣੇ ਪੂਰੇ ਅਕਾਰ ਵਿਚ ਪਟਿਆਲਾ ਸ਼ਹਿਰ ਤੋਂ ਪ੍ਰਕਾਸ਼ਤ ਹੋ ਰਿਹਾ ਹੈ ॥ ... ਆਪ ਸਭ ਦਾ ਫਰਜ਼ ਹੈ ਕਿ ਇਸ ਪਰਚੇ ਦੇ ਵਧ ਤੋਂ ਵਧ ਗਾਹਕ ਬਣਾ ਕੇ ਗੁਰਮਤਿ ਦੇ ਪਰਚਾਰ ਵਿਚ ਸਹਾਈ ਹੋਵੋ।

ਇਸ ਪਰਚੇ ਦੇ ਚੰਦੇ ਹੁਣ ਹੇਠ ਲਿਖੇ ਪਤੇ ਤੇ ਭੇਜੇ ਜਾਣ।

ਮੈਨੇਜਰ "ਸੂਰਾ"
੫੯੪/੩ ਖਾਲਸਾ ਮਹੱਲਾ,
ਪਟਿਆਲਾ

www.AKJ.Org

ਪਰਨਾਮ !

# ਪੰਚਮ ਪਾਤਸ਼ਾਹ !!

ਭਾਈ ਸਾਹਿਬ ਭਾਈ ਗੁਰਦਾਸ ਜੀ ਆਪ ਜੀ ਦੇ ਚਰਨ ਕਮਲਾਂ ਦੇ ਭੌਰੇ, ਸਚ ਦੇ ਸਾਦਿਕ, ਗੁਰਬਾਣੀ ਦੇ ਪ੍ਰਮਾਣੀਕ ਵਿਆਖਿਆਕਾਰ, ਆਪ ਜੀ ਦੀ ਸ਼ਖਸੀਅਤ ਵਿਟਹੁੰ ਕੁਰਬਾਨ !

ਪਾਤਸ਼ਾਹ ! ਭਾਈ ਗੁਰਦਾਸ ਜੀ ਤਾਂ ਸੱਚ ਹੀ ਤੇਰੇ ਨਾਮ ਵਿਟਹੁ ਕੁਰਬਾਨ ਹਨ, ਪਰ ਅਸਾਂ ਨਾਮ ਧਰੀਕਾਂ ਦੇ ਮਿਹਰਬਾਨ ਪਾਤਸ਼ਾਹ ! ਅਸੀਂ ਵੀ ਐਸਾ ਦੱਮ ਮਾਰੀਏ, ਹਿੰਮਤ ਨਹੀਂ ਪੈਂਦੀ । ਘੋਰ ਅੰਧਾਰ ਵਿਚ ਧੱਕੇ ਖਾਂ[illegible] ਤੇ ਤਰਸ ਕਰਕੇ, ਇਸ ਜਗ ਮਹਿ ਗੁਰਬਾਣੀ ਦਾ ਚਾਨਣ ਕਰਨ ਵਾਲੇ ਪਿਤਾ ਜੀਉ, ਆਪ ਜੀ ਦੇ ਚਰਨ ਕਮਲਾਂ ਤੇ ਸਾਡੀ ਪਰਨਾਮ ਹੀ ਪਰਵਾਨ ਕਰੋ ! ਪਰ ਇਸ ਪਰਨਾਮ ਵਿਚ ਵੀ ਠਾਕੁਰ ਜੀਉ ਤੁਹਾਰੋ ਪਰਨਾ, ਆਪਨੜੇ ਗਿਰੀਵਾਨ ਮਹਿ ਸਿਰ ਨੀਵਾਂ ਕਰ ਦੇਖਿਆਂ ਨਦਰ ਨਹੀਂ ਆਂਵਦਾ । ਕੈਸੀ ਤਰਸਯੋਗ ਅਵਸਥਾ ਹੈ, ਸਾਡੀ ਪਿਤਾ ਜੀਓ ! ਆਪ ਜੀ ਦੀ ਮ੍ਰਿਦਲ ਮੂਰਤੀ ਮਜੀਠ ਜਹੇ ਭਖਦੇ ਅੰਗਾਰਾਂ ਦੀ ਅਤੇ ਦਗਦੀ ਅਗਨੀ ਉਪਰ ਭਖਦੀ ਲਾਲੋ ਲਾਲ ਲੋਹ ਉਤੇ ਅਡੋਲ ਬਿਰਾਜਮਾਨ ਹੈ,ਗਰਮ ਸੜਦੀ ਰੇਤ ਦੇ ਕੜਛ ਵੀ ਉਤੋਂ ਪਈ ਜਾ ਰਹੇ ਹਨ । ਅਸੀਂ ਵੀ ਕੀ ਇਨਸਾਨ ਹਾਂ, ਕਿ ਕੋਈ ਧੂਹ ਨਹੀਂ ਪਈ ਪੈਂਦੀ ਸਾਨੂੰ ਉਬਲਦੀ ਦੇਗ ਵਿਚ, ਆਪ ਜੀ ਦਾ ਕੋਮਲ ਤੇ ਪੂਜਯ ਸਰੀਰ, ਆਲੂ ਵੱਤ, ਉਬਲ ਰਿਹਾ ਹੈ ਪਰ ਸਾਡੇ ਮਾਇਆ ਵੇੜ੍ਹੇ, ਠੰਡੇ ਯਖ ਮਨ-ਵਿਹੜੇ ਵਿਚ ਕੋਈ ਉਥਲ-ਪਥਲ ਨਹੀਂ ਹੁੰਦੀ । ਆਪ ਜੀ ਦਾ ਸੰਸਾਰ ਦੇ ਇਤਿਹਾਸ ਅੰਦਰ ਕੀਤਾ ਇਹ ਸਿਖਰਾਂ ਦਾ ਜਤਨ ਵੀ ਸਾਡੇ ਆਤਮਾ ਨੂੰ ਦਰਵਾਉਣ ਵਿਚ ਹਿਰਦੇ ਨੂੰ ਪਸੀਜਾਉਣ ਵਿਚ ਸਫ਼ਲ ਨਹੀਂ ਹੋ ਰਿਹਾ ਜਾਪਦਾ ।

ਆਪ ਜੀ ਦੀ ਇਹ ਅਦੁੱਤੀ ਸ਼ਹੀਦੀ ਕਿਉਂ ਸਾਨੂੰ ਕਾਫ਼ੀ ਨਹੀਂ ਜਾਪਦੀ ? ਆਪ ਜੀ ਦੀ ਬੇਮਿਸਾਲ ਕੁਰਬਾਨੀ ਨਾਲ ਪਰਜ੍ਵਲਤ ਕੀਤੀ ਗੁਰਬਾਣੀ ਦੀ ਮਸਾਲ ਕਿਉਂ ਸਾਡੇ ਹਨੇਰੇ ਜੀਵਨਾਂ ਲਈ ਪਥ-ਪ੍ਰਦਰਸ਼ਕ ਨਹੀਂ ਬਣ ਰਹੀ ?

ਮਾਮੂਲੀ ਜਹੀ ਨਹੀਂ, ਕੋਈ ਮਹਾਨ, ਪਰਬਤ ਜਿਹੀ ਕਰੜੀ ਪਥਰ-ਦਿਲੀ ਹੈ ਸਾਡੇ ਵਿਚ । ਪਿਤਾ ਜੀ ! ਤੁਮ ਹੀ ਸਮਰਥਾ ਵਾਲੇ ਕਾਰਨ ਕਰਨ ਹੋ, ਕਿਰਪਾ ਕਰਿ ਪੰਘਾਰੋ ਸਾਡੇ ਪੱਥਰ ਦਿਲਾਂ ਨੂੰ ! ਤਾਂ ਜੁ ਆਪ ਜੀ ਦੇ ਪਾਵਨ ਪਵਿਤਰ ਆਤਮ ਸ੍ਵਰੂਪ ਅਗੇ ਸੀਸ ਨਿਵਾਉਂਦੇ; ਕਸੁੱਧੇ ਰਿਦੇ ਨਾਲ ਹੀ ਨਾ ਪਰਤੀਏ ।

(ਐਡੀਟਰ)

www.AKJ.Org

# ਮਾਸਕ ਪੱਤਰ "ਸੂਰਾ"

## ਦਾ ਦਫ਼ਤਰ ਪਟਿਆਲੇ ਬਦਲ ਦਿਤਾ ਗਿਆ

ਪਾਠਕਾਂ ਪ੍ਰਤੀ ਸੂਚਿਤ ਕੀਤਾ ਜਾਂਦਾ ਹੈ ਕਿ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਹਿੰਦੁਸਤਾਨ ਭਰ ਦੇ ਅਖੰਡ ਕੀਰਤਨੀ ਜਥਿਆਂ ਦੀ ਸਰਪ੍ਰਸਤੀ ਹੇਠ ਅਖੰਡ ਕੀਰਤਨੀ ਜੱਥਾ ਪਟਿਆਲਾ ਵਲੋਂ ਸ੍ਰੀ ਅੰਮ੍ਰਿਤਸਰ ਜੀ ਤੋਂ ਫਰਵਰੀ ੧੯੬੬ ਤੋਂ ਜੋ ਇਹ ਨਿਰੋਲ ਗੁਰਮਤਿ ਦੇ ਪਰਚਾਰ ਲਈ ਮਾਸਕ ਪੱਤਰ "ਸੂਰਾ" ਪ੍ਰਕਾਸ਼ਤ ਹੋ ਰਿਹਾ ਹੈ, ਹੁਣ ਇਸ ਪਰਚੇ ਦੀ ਛਪਾਈ ਆਦਿ ਦੇ ਪ੍ਰਬੰਧ ਪਟਿਆਲੇ ਹੋ ਜਾਣ ਕਰਕੇ ਇਹ ਪਰਚਾ ਜੂਨ ੧੯੬੬ ਤੋਂ ਹੇਠ ਲਿਖੇ ਪਤੇ ਤੋਂ ਪ੍ਰਕਾਸ਼ਤ ਹੋਇਆ ਕਰੇਗਾ।

ਕੇਵਲ ਤਿੰਨ ਮਹੀਨਿਆਂ ਦੇ ਵਿਚ ਇਸ ਪਰਚੇ ਨੇ ਜੋ ਸਫਲਤਾ ਪ੍ਰਾਪਤ ਕੀਤੀ ਹੈ, ਇਸ ਸਫਲਤਾ ਦਾ ਸਿਹਰਾ ਅੰਮ੍ਰਿਤਸਰ ਨਿਵਾਸੀ ਗੁਰਸਿਖ ਵੀਰਨਾਂ ਦੇ ਸਿਰਾਂ ਤੇ ਹੈ (ਜਿਨ੍ਹਾਂ ਦੇ ਨਾਮ ਸਚਾ ਪਾਤਿਸਾਹ ਆਪ ਹੀ ਜਾਣਦਾ ਹੈ)। ਦਾਸ ਉਨ੍ਹਾਂ ਸਿੰਘਾਂ ਦਾ ਧੰਨਵਾਦ ਕੀਤੇ ਬਗੈਰ ਨਹੀਂ ਰਹਿ ਸਕਦਾ। ਦਾਸ ਦੀ ਸਚੇ ਪਾਤਿਸ਼ਾਹ ਦੇ ਦਰ ਤੇ ਅਰਦਾਸ ਹੈ ਕਿ ਸੱਚਾ ਪਾਤਿਸ਼ਾਹ ਉਨ੍ਹਾਂ ਨੂੰ ਨਾਮ ਦਾਨ ਬਖਸ਼ੇ। ਆਸ ਹੈ ਕਿ ਉਹ ਵੀਰ ਹਮੇਸ਼ਾਂ ਹੀ ਸਹਿਯੋਗ ਦੇਂਦੇ ਰਹਿਣਗੇ।

ਹੁਣ ਪਾਠਕਾਂ ਪ੍ਰਤੀ, ਲੇਖਕਾਂ ਪ੍ਰਤੀ, ਸਭ ਪ੍ਰਤੀ ਬਿਨੈ ਹੈ ਕਿ ਅਗੇ ਤੋਂ ਉਹ ਹੇਠ ਲਿਖੇ ਪਤੇ ਤੇ ਚਿਠੀ ਪੱਤਰ ਕਰਨ।

ਸਚੇ ਪਾਤਿਸ਼ਾਹ ਅਗੇ ਦਾਸ ਦੀ ਅਰਦਾਸ ਹੈ ਕਿ ਸਚਾ ਪਾਤਿਸ਼ਾਹ ਸਾਨੂੰ ਕਾਮ, ਕ੍ਰੋਧ, ਲੋਭ ਮੋਹ ਅਤੇ ਅਹੰਕਾਰ ਤੋਂ ਬਚਾਵੇ। ਦਾਸਾਂ ਨੂੰ ਸੇਵਾ ਕਰਨ ਦਾ ਉਦਮ ਬਖਸ਼ੇ ਤੇ ਇਹ ਪਰਚਾ ਆਪਣੇ ਮਿਥੇ ਹੋਏ ਨਿਸ਼ਾਨੇ ਗੁਰਮਤਿ ਦੇ ਪਰਚਾਰ ਵਿਚ ਦਿਨ ਦੁਗਣੀ ਰਾਤ ਚੌਗਣੀ ਤਰਕੀ ਕਰੇ। ਆਸ ਹੈ ਕਿ ਸਭ ਸਜਣ ਹਮੇਸ਼ਾਂ ਸਹਿਯੋਗ ਦੇਂਦੇ ਰਹਿਣਗੇ।

ਗੁਰੂ ਪੰਥ ਦਾ ਦਾਸ—
ਮੈਨੇਜਰ "ਸੂਰਾ"
੫੯੪/੩, ਖਾਲਸਾ ਮਹਲਾ, ਪਟਿਆਲਾ

## ਸੋਧ ਕੇ ਪੜ੍ਹੋ ਜੀ

| ਸਫ਼ਾ | ਸਤਰ | ਅਸੁਧ | ਸੁਧ |
|---|---|---|---|
| ੧੬ | ੧੧ | ੧੯੩੮ | ੧੬੩੮ |
| ੨੯ | ੩੦ | ਧਿਆਇਦਿਆ ਸੁਖ... | ਕਮਾਵਦਿਆ ਸੁਖ... |

www.AKJ.Org

ਗੁਰੂ ਪੰਚਮ ਪਾਤਸ਼ਾਹ

# ਸਾਹਿਬ ਸ੍ਰੀ ਗੁਰੂ ਅਰਜਨ ਦੇਵ

ਜੀ ਦੀ

# ਨਿਸਕਾਮ ਸ਼ਹੀਦੀ

[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਅਨੇਕਾਂ ਸ਼ਹੀਦੀਆਂ ਹੁੰਦੀਆਂ ਰਹੀਆਂ ਤੇ ਅਗਲੇ ਜੁਗਾਂ ਵਿਚ ਅਨੇਕ ਸ਼ਹੀਦੀਆਂ ਹੋਣਗੀਆਂ, ਪ੍ਰੰਤੂ ਗੁਰੂ ਅਰਜਨ ਸਾਹਿਬ ਜੀ ਦੀ ਨਿਸ਼ਕਾਮ ਭਗਤੀ ਦੇ ਮੁਕਾਬਲੇ ਵਿਚ ਇਹ ਸਭ ਹੇਚ ਹਨ ਅਤੇ ਹੇਚ ਹੀ ਰਹਿਣਗੀਆਂ। ਗੁਰੂ ਅਰਜਨ ਸਾਹਿਬ ਜੀ ਨੇ ਨਿਸ਼ਕਾਮ ਸ਼ਹੀਦੀ ਦੇ ਜੋ ਪੂਰਨੇ ਪਾਏ ਹਨ। ਉਹ ਸਚ ਮੁਚ ਅਦੁਤੀ ਹਨ। ਇਤਿਹਾਸਕਾਰਾਂ ਦੀਆਂ ਇਹ ਇਤਿਹਾਸਕਾਰੀਆਂ ਬਿਲਕੁਲ ਗਲਤ ਹਨ ਕਿ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਕਿਸੇ ਪ੍ਰਕਾਰ ਦੇ ਸ੍ਵਾਰਥੀ ਮਨੋਰਥ ਲਈ ਇਹ ਸ਼ਹੀਦੀ ਦਾ ਰਮਜ਼ ਮਾਤ੍ਰ ਬੀੜਾ ਚੁਕਿਆ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਨਿਰੋਲ ਪ੍ਰਮਾਰਥ ਅਤੇ ਪ੍ਰਮਾਰਥੀ ਕਾਜ਼ (ਕਾਰਨ) ਲਈ ਹੀ ਇਹ ਪੂਰਨੇ ਪਾਏ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਉਸ ਵਕਤ ਦੇ ਦੁਨਿਆਵੀ ਬਾਦਸ਼ਾਹ ਅਗੇ ਰੰਚਕ ਮਾਤ੍ਰ ਭੀ ਕਾਣ ਕਣੌੜੀ ਕਾਂਪ ਨਹੀਂ ਖਾਧੀ। ਜੇ ਕਰ ਸ੍ਰੀ ਗੁਰੂ ਅਰਜਨ ਸਾਹਿਬ ਜੀ ਰਾਮ ਰਾਏ ਦੀ ਨਿਆਈ ਅਮਰੀ ਅਜ਼ਲੀ ਗੁਰੂ ਬਾਣੀ ਨੂੰ ਉਲਟਾ ਦੇਣ ਲਈ ਤਿਆਰ ਹੋ ਜਾਂਦੇ ਤਾਂ ਉਨ੍ਹਾਂ ਦੇ ਉਪਰ ਅਨੇਕ ਪ੍ਰਕਾਰੀ ਦੁਨਿਆਵੀ ਨਿਆਮਤਾਂ ਵਰਸਦੀਆਂ। ਪ੍ਰੰਤੂ ਧੰਨ ਸ੍ਰੀ ਗੁਰੂ ਅਰਜਨ ਸਾਹਿਬ ਸਚੇ ਸ਼ਹੀਦਾਂ ਦੇ ਸਿਰਤਾਜ ਉਨ੍ਹਾਂ ਨੇ ਬਪੜੀਆਂ ਮਾਇਕ ਸਿਕਦਾਰੀਆਂ ਦੀ ਭੋਰਾ ਮਾਤ੍ਰ ਭੀ ਪ੍ਰਵਾਹ ਨਹੀਂ ਕੀਤੀ ਅਤੇ ਆਪਣੇ ਸਚੇ ਸ਼ਹੀਦੀ ਮਿਸ਼ਨ ਤੇ ਡਟੇ ਰਹੇ। ਸਚ ਮੁਚ ਸਚੇ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਨੇ ਇਹ ਪੂਰਨੇ ਜੋ ਸਚੇ ਸ਼ਹੀਦੀ ਦੇ ਪਾਏ ਉਹ ਅਸਾਂ ਲਰਜ਼ਸ਼ ਖਾਂਦਿਆਂ ਗੁਰਸਿਖਾਂ ਦੇ



www.AKJ.Org

ਸਿਦਕ ਭਰੋਸੇ ਨੂੰ ਕਾਇਮ ਰਖਣ ਲਈ ਪਾਏ। ਵਕਤ ਦੇ ਨਾਦਰ ਗਰਦ ਬਾਦਸ਼ਾਹ ਨੇ ਅਨੇਕਾਂ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰ ਵਾਕਾਂ ਨੂੰ ਪਲਟਾਉਣ ਲਈ ਗੁਰੂ ਸਾਹਿਬ ਅਗੇ ਦਰਖਾਸਤ ਕੀਤੀ। ਪ੍ਰੰਤੂ ਧੰਨ ਗੁਰੂ ਅਰਜਨ ਸਾਹਿਬ, ਕਿ ਉਨ੍ਹਾਂ ਨੇ ਅਨੇਕ ਬਾਰਨੀ ਦਰਖਾਸਤ ਨੂੰ ਹਰ ਬਾਰ ਰਦੀ ਦੀ ਟੋਕਰੀ ਵਿਚ ਹੀ ਸੁਟ ਪਾਇਆ। ਇਤਿਹਾਸਕਾਰਾਂ ਦੀ ਇਹ ਬਾਤ ਭੀ ਗਲਤ ਹੈ ਕਿ ਗੁਰੂ ਸਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਖੁਦ ਬੁਰਛਾ ਗਰਦ ਬਾਦਸ਼ਾਹਾਂ ਦੇ ਪਾਸ ਲੈ ਕੇ ਪਹੁੰਚੇ। ਬਲਕਿ ਇਹ ਵਾਰਤਾ ਐਨ ਗੁਰਮਿਤ ਅਨੁਸਾਰ ਢੁਕਦੀ ਹੈ ਤੇ ਸਚਾਈ ਦੀ ਕਸੌਟੀ ਉਤੇ ਪਰਖੀ ਜਾਕੇ ਠੀਕ ਉਤਰਦੀ ਹੈ। ਕਿ ਜਹਾਂਗੀਰ ਜੈਸੇ ਉਹ ਦੁਨਿਆਵੀ ਬਾਦਸ਼ਾਹ ਖ਼ੁਦ ਗੁਰੂ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋਏ। ਗੁਰੂ ਕੀ ਨਗਰੀ ਵਿਖੇ ਆਕੇ ਹੀ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰ ਗੁਰ ਬਾਣੀ ਦਾ ਮੁਲਾਹਿਜ਼ਾ ਅਤੇ ਮੁਆਇਨਾ ਕੀਤਾ ਅਤੇ ਬਿਲਕੁਲ ਕਸੇ ਨਿਕਲੇ ਅਤੇ ਆਪਣੇ ਜੈਸਾ ਮੂੰਹ ਲੈ ਕੇ ਹੀ ਵਾਪਸ ਚਲੇ ਗਏ। ਇਸ ਹੋਈ ਹਤਕ ਨੂੰ ਮਹਿਸੂਸ ਕਰਕੇ ਅਤਿਆਚਾਰੀ ਦੁਨਿਆਵੀ ਬਾਦਸ਼ਾਹ ਨੇ ਅਨੇਕ ਪ੍ਰਕਾਰੀ ਤਨ ਤਸੀਹੇ ਦੇਣ ਲਈ ਆਪਣੇ ਮੁਤਅਸਬੀ ਤੇ ਸ਼ਰਾਰਤੀ ਦੀਵਾਨ ਚੰਦੂ ਮਲ ਨੂੰ ਪ੍ਰੇਰਿਆ। ਉਸ ਕੁੜਾਵੇ ਚੰਦੂ ਨੇ ਆਪਣੀ ਕਿਸ ਕਢਣ ਲਈ ਇ... ਨਾਦਰ ਮੌਕਾ ਸਮਝਿਆ ਕਿ ਜਿਤਨੇ ਭੀ ਤਨ ਤਸੀਹੇ ਗੁਰੂ ਸਾਹਿਬ ਜੀ ਨੂੰ ਦਿ... ਜਾਣ ਉਨੇ ਹੀ ਉਸ ਦੇ ਮਨ ਦੀ ਖਾਰ ਕਢਨ ਲਈ ਕਾਫੀ ਹੋਣਗੇ। ਇਹ ਬਾਤ ਬਿਲਕੁਲ ਗਲਤ ਹੈ ਕਿ ਚੰਦੂ ਨੇ ਆਪਣੀ ਹੀ ਨਿਜ ਖਾਰ ਕਢਣ ਲਈ ਗੁਰੂ ਸਾਹਿਬ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਜੀ ਉਪਰ ਇਹ ਵਾਰ ਕੀਤੇ ਜੋ ਕੁਝ ਹੋਇਆ ਸੋ ਉਸ ਸਮੇਂ ਦੇ ਨਾਦਰਗਰਦ ਬਾਦਸ਼ਾਹ ਜਹਾਂਗੀਰ ਦੇ ਇਸ਼ਾਰੇ ਨਾਲ ਹੋਇਆ। ਗੁਰੂ ਸਾਹਿਬ ਉਪਰ ਵਕਤ ਦੇ ਬਾਦਸ਼ਾਹ ਜਹਾਂਗੀਰ ਦੀ ਬਹੁਤੀ ਇਹੋ ਹੀ ਕੀਨਾਂ ਦੋਜ਼ੀ ਸੀ ਕਿ ਗੁਰੂ ਸਾਹਿਬ ਜੀ ਨੇ ਉਸ ਦੀ ਮਰਜ਼ੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਰ ਜੀ ਵਿਖੇ ਗੁਰੂ ਵਾਕ ਕਿਉਂ ਨਾ ਪਲਟ ਦਿਤੇ, ਬਸ ਏਸੇ ਕੇਵਲ ਏਸ ਖਾਰ ਦੀ ਖਾਤਰ ਗੁਰੂ ਸਾਹਿਬ ਗੁਰੂ ਅਰਜਨ ਸਾਹਿਬ ਜੀ ਨੂੰ ਤਨ ਤਸੀਹੇ ਮਿਲੇ। ਗੁਰੂ ਸਾਹਿਬ ਸਚੇ ਪਾਤਸ਼ਾਹ ਤਾਂ ਅਗੇ ਹੀ ਇਸ ਕੂੜਾਵੇ ਸਰੀਰ ਦਾ ਠੀਕਰਾ ਕੂੜਾਵੀ ਦੁਨਿਆਵੀ ਹਵਸ ਗਰਦਾਂ ਦੀ ਹਵਸ ਅਤੇ ਤਮਾ ਉਪਰ ਭੰਨ ਦੇਣਾ ਚਾਹੁੰਦੇ ਸਨ ਅਤੇ ਸੁਖਮਨੀ ਸਾਹਿਬ ਦੀ ਸਚੀ ਬਾਣੀ ਵਿਚ ਬ੍ਰਹਮ-ਗਿਆਨੀ ਦੇ ਲਛਣਾਂ ਦੀ ਪਰਖ ਬਦਲੇ ਇਹ ਸਚੀ ਕੁਰਬਾਨੀ ਦੇਣਾ ਚਾਹੁੰਦੇ ਸਨ ਜੋ ਪ੍ਰਮਾਰਥੀ ਪੁਰਸ਼ਾਂ ਲਈ ਤੁਛ ਮਾਤ੍ਰ ਹੁੰਦੀ ਹੈ। ਦੁਨਿਆਵੀ ਤਮਾਂ ਵਾਲਾ ਹਰ ਇਕ ਇਨਸਾਨ ਇਹ ਸਚੀ ਕੁਰਬਾਨੀ ਨਹੀਂ ਦੇ ਸਕਦਾ। ਜਦ ਤਕ ਕਿ ਉਸ ਦੇ ਰੋਮ



www.AKJ.Org

ਰੋਮ ਅੰਦਰ ਸਚੀ ਸ਼ਹੀਦੀ ਦੀ ਸਪਿਰਟ ਨਾ ਸਮਾਈ ਹੋਵੇ। ਹੋਰ ਤਾ ਕੀ ਕਹਿਣਾ ਹੈ ਕਿ ਰਾਮ ਰਾਏ ਸਾਰਖੇ ਗੁਰੂ ਘਰ ਵਿਖੇ ਪਲੇ ਹੋਏ ਭੀ ਸੁਆਰਥ ਗਰਦੀ ਦੀ ਕਾਂਪ ਖਾ ਗਏ ਅਤੇ ਹਮੇਸ਼ਾ ਲਈ ਗੁਰੂ ਘਰ ਦੀਆਂ ਨਜ਼ਰਾਂ ਵਿਚ ਮਨਜ਼ੂਰ ਨ ਪਏ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਏਸੇ ਕਰਕੇ ਹੀ ਸਚੀ ਅਤੇ ਨਿਸਕਾਮ ਗਰਦਾਨੀ ਜਾਂਦੀ ਹੈ ਕਿ ਗੁਰੂ ਸਾਹਿਬ ਜੀ ਨੇ ਆਪਣੇ ਸਵ ਰਥੀ ਕਿਸੇ ਮਤਲਬ ਖਾਤਰ ਯਾ ਕੂੜਾਵੇ ਤਨ ਦੀ ਰਖਸ਼ਾ ਖਾਤਰ ਇਹ ਧਾਰਨਾ ਨਹੀਂ ਧਾਰੀ ਅਤੇ ਆਪਣੇ ਗੁਰੂ ਦਰਸਾਏ ਗੁਰਵਾਕਾਂ ਉਤੇ ਪਰਬਤ ਦੀ ਨਿਆਈਂ ਅਟਲ ਰਹੇ।

# ਜ਼ਰੂਰੀ ਸੂਚਨਾ

ਸਰਬਤ ਸੰਗਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਿਛਲੀ ਵਾਰ ਅਪ੍ਰੈਲ ੧੯੬੬ ਦੇ ਪਰਚੇ ਵਿਚ ਪਟਿਆਲਾ ਸ਼ਹਿਰ ਵਿਖੇ ਭਾਈ ਦਰਸ਼ਨ ਸਿੰਘ ਜੀ ਦਾ ਪਤਾ ਸਬ-ਆਫ਼ਿਸ ਲਈ ਦਿਤਾ ਗਿਆ ਸੀ ਹੁਣ ਪਤਾ ਬਦਲ ਦਿਤਾ ਗਿਆ ਹੈ। ਸੋ ਸ੍ਰਬਤ ਸੰਗਤਾਂ ਦੀ ਸੇਵਾ ਵਿਖੇ ਸਨਿੰਮਰ ਬਿਨੇ ਹੈ ਕਿ ਅਗੇ ਤੋਂ ਮਾਸਕ-ਪਤ੍ਰ "ਸੂਰਾ" ਅਤੇ ਅਖਡ ਕੀਰਤਨੀ ਜੱਥਾ ਪਟਿਆਲਾ ਨਾਲ ਸਬੰਧਤ ਸਾਰਾ ਚਿਠੀ-ਪਤ੍ਰ ਹੇਠ ਲਿਖੇ ਪਤੇ ਤੇ ਕੀਤਾ ਜਾਵੇ। ਇਸ ਪਤੇ ਤੋਂ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਗੁਰਮਤਿ ਸਬੰਧੀ ਪੁਸਤਕਾਂ ਭੀ ਮਿਲ ਸਕਦੀਆਂ ਹਨ।

ਚਿਠੀ ਪੱਤਰ ਕਰਨ ਦਾ ਪਤਾ –
ਭਾਈ ਪਿਆਰਾ ਸਿੰਘ ਜੀ
ਮਕਾਨ ਨੰਬਰ ੫੯੪/੩, ਖਾਲਸਾ ਮਹਲਾ
ਪਟਿਆਲਾ



www.AKJ.Org

# ਅਮਰ ਸ਼ਹੀਦ

# ਸ੍ਰੀ ਗੁਰੂ ਅਰਜਨ ਦੇਵ ਜੀ

[ਭਾਈ ਹਰਚੰਦ ਸਿੰਘ ਜੀ ਧਾਲੀਵਾਲ, ਲੰਡਨ]

*

ਸ੍ਰੀ ਗੁਰੂ ਅਰਜਨ ਦੇਵ ਪੰਚਮ ਪਾਤਸ਼ਾਹੀ ਜੀ ਦਾ ਜਨਮ ਵੈਸਾਖ ਸੁਦੀ ਅਠਾਰਾਂ ਦਿਨ ਮੰਗਲਵਾਰ ਸੰਮਤ ਬਿਕਰਮੀ ੧੬੨੦, ਪਿੰਡ ਗੋਇੰਦਵਾਲ ਵਿਖੇ, ਪਿਤਾ ਸਾਹਿਬ ਸ੍ਰੀ ਗੁਰੂ ਰਾਮ ਦਾਸ ਚੌਥੀ ਪਾਤਸ਼ਾਹੀ ਜੀ ਦੇ ਘਰ, ਬੀਬੇ ਭਾਨੀ ਜੀ ਦੀ ਕੁਖੋਂ ਹੋਇਆ। ਸੁਘੜ ਮਾਤਾ ਭਾਨੀ ਜੀ, ਤੇ ਗੁਰੂ ਪਿਤਾ ਰਾਮ ਦਾਸ ਜੀ ਦੀ ਕਿਰਪਾ ਦ੍ਰਿਸ਼ਟੀ ਥੱਲੇ ਬਾਲ ਅਵਸਥਾ ਦਰਿਆਏ ਬਿਆਸ ਦੇ ਕੰਢਿਆਂ ਦੀਆਂ ਮੌਜਾਂ ਵਿਚ ਗੁਜ਼ਰੀ। ਏਥੇ ਹੀ ਮੁਢਲੀ ਵਿਦਿਆ ਬਾਬਾ ਬੁੱਢਾ ਜੀ ਤੋਂ ਪ੍ਰਾਪਤ ਕੀਤੀ। ਆਪ ਛੋਟੀ ਉਮਰ ਵਿਚ ਹੀ ਬੜੇ ਰੱਬੀ ਪ੍ਰੇਮ ਵਾਲੇ ਤੇ ਜਮਾਂਦਰੂ ਕਵੀ ਸਨ। ਆਪ ਜੀ ਦੇ ਦੋ ਹੋਰ ਵੱਡੇ ਭਾਈ ਵੀ ਸਨ, ਪ੍ਰਿਥੀ ਚੰਦ ਤੇ ਮਹਾਂਦੇਵ। ਸਭ ਤੋਂ ਵੱਡਾ ਭਰਾ ਪ੍ਰਿਥੀ ਚੰਦ ਗੁਰੂ-ਅੰਸ਼ ਚੋਂ ਹੁੰਦਾ ਹੋਇਆ ਭੀ ਮਾਇਆ-ਵਾਦੀ ਖ਼ਿਆਲਾਂ ਦਾ ਸੀ, ਪਰ ਮਹਾਂਦੇਵ ਉਪ੍ਰਾਮੀ ਤੇ ਬਿਰੱਕਤ ਬ੍ਰਿਤੀ ਰਖਦਾ ਸੀ।

ਪ੍ਰਿਥੀ ਚੰਦ ਵਡਾ ਹੋਣ ਕਰਕੇ ਆਪਣੇ ਆਪ ਨੂੰ ਗੁਰ-ਗੱਦੀ ਦਾ ਵਾਰਸ ਸਮਝੀ ਬੈਠਾ ਸੀ। ਜਦੋਂ ਗੁਰ-ਗੱਦੀ ਉਸ ਦੀ ਥਾਂ ਸ੍ਰੀ ਅਰਜਨ ਦੇਵ ਨੂੰ ਦਿੱਤੀ ਗਈ ਤਾਂ ਉਹ ਭੀ ਗੁਰੂ ਘਰ ਦੇ ਵਿਰੋਧੀਆਂ ਦੀਆਂ ਸਫ਼ਾਂ ਵਿਚ ਜਾ ਖੜਾ ਹੋਇਆ, ਜਿਸ ਕਾਰਨ ਗੁਰੂ ਰਾਮਦਾਸ ਜੀ ਨੂੰ ਰਾਮਦਾਸ ਪੁਰ ਛੱਡ ਕੇ ਗੋਇੰਦਵਾਲ ਆਉਣਾ ਪਿਆ। ਐਪਰ ਪ੍ਰਿਥੀ ਚੰਦ ਗੁਰੂ ਸਾਹਿਬ ਦੇ ਸਮਝਾਉਣ ਤੇ ਭੀ ਗੱਦੀ ਲਾ ਕੇ ਬੈਠ ਗਿਆ। ਇਹ ਇਕ ਲੰਬੀ ਵਾਰਤਾ ਹੈ ਜਿਸ ਦਾ ਗੁਰੂ ਸਾਹਿਬ ਦੀ ਸ਼ਹੀਦੀ ਨਾਲ ਡੂੰਘਾ ਸਬੰਧ ਹੈ।

ਪ੍ਰਿਥੀ ਚੰਦ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਰਖ਼ਿਲਾਫ਼ ਕਈ ਸਾਜ਼ਸ਼ਾ ਕੀਤੀਆਂ। ਉਹ ਹਾਕਮਾਂ ਪਾਸ ਕਈ ਤਰ੍ਹਾਂ ਦੀਆਂ ਚੁਗਲੀਆਂ ਕਰਕੇ ਉਨ੍ਹਾਂ ਦੇ ਕੰਨ ਭਰਦਾ ਰਿਹਾ। ਇਕ ਵੇਰ ਇਕ ਸੁਲਹੀ ਖ਼ਾਨ ਨਾਂ ਦੇ ਫ਼ੌਜਦਾਰ ਨੂੰ ਚੜ੍ਹਾ ਲਿਆਇਆ। ਪਰ ਅਕਾਲ ਪੁਰਖ ਨੂੰ ਸੁਲਹੀ ਦੀ ਮਾਰੂ ਚੜ੍ਹਾਈ ਨਾ



www.AKJ.Org

ਭਾਈ ਤੇ ਉਹ ਰਾਹ ਵਿਚ ਹੀ ਸੜ ਕੇ ਸੁਆਹ ਹੋ ਗਿਆ।

ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ ਗੁਰੂ ਘਰ ਦੀ ਫੁੱਟ ਨੂੰ ਮੇਟਣ ਦੀ ਬੜੀ ਕੋਸ਼ਿਸ਼ ਕੀਤੀ ਤੇ ਉਹ ਕਿਸੇ ਹਦ ਤਕ ਸਫ਼ਲ ਭੀ ਹੋਏ, ਜਿਸ ਦਾ ਸਦਕਾ ਇਹ ਫੁੱਟ ਕੁਝ ਸਮੇਂ ਲਈ ਠੰਡੀ ਪੈ ਗਈ।

ਗੁਰੂ ਕਾ ਲੰਗਰ ਗੋਇੰਦਵਾਲ ਚਲਦਾ ਦੇਖ ਕੇ ਜਾਤ-ਅਭਿਮਾਨੀ ਬ੍ਰਾਹਮਣਾਂ ਤੇ ਖਤਰੀਆਂ ਨੇ ਗੁਰੂ ਸਾਹਿਬ ਦੀ ਕਾਫ਼ੀ ਵਿਰੋਧਤਾ ਕਰਨੀ ਸ਼ੁਰੂ ਕਰ ਦਿਤੀ। ਇਹ ਵਿਰੋਧਤਾ ਐਥੋਂ ਤਕ ਵਧ ਗਈ ਕਿ ਸ਼ਾਹੀ ਦਰਬਾਰ ਦੇ ਕਈ ਕਰਮਚਾਰੀ ਵੀ ਇਸ ਵਿਚ ਸ਼ਾਮਲ ਹੋ ਗਏ। ਉਹਨਾਂ ਵਿਚੋਂ ਸਭ ਦਾ ਸਿਰਮੌਰ ਬੀਰਬਲ ਸੀ। ਇਸ ਦਾ ਅਸਲੀ ਨਾਮ ਮਹੇਸ਼ ਦਾਸ ਸੀ। ਇਹ ਜੈਪੁਰ ਦੇ ਰਾਜੇ ਭਗਵਾਨ ਦਾਸ ਦਾ ਦਰਬਾਰੀ ਕਵੀ ਤੇ ਚੰਗਾ ਸ਼ਾਸਤਰਾਂ ਦੇ ਜਾਨਣ ਵਾਲਾ ਸੀ। ਇਸ ਨੂੰ ਰਾਗ ਦੀ ਬੜੀ ਸੂਝ ਸੀ। ਹਾਜ਼ਰ ਜਵਾਬ ਤੇ ਪਰਲੇ ਦਰਜੇ ਦਾ ਮਸਖ਼ਰਾ ਸੀ।

ਬੀਰਬਲ ਜ਼ਾਤ ਦਾ ਬ੍ਰਾਹਮਣ ਸੀ। ਉਪਜੀਵਕਾ ਦਾ ਸੁਆਲ ਮੁਖ ਰਖ ਕੇ ਬ੍ਰਾਹਮਣਾਂ ਤੇ ਖਤਰੀਆਂ ਨੇ ਬੀਰਬਲ ਤਕ ਰਸਾਈ ਕੀਤੀ ਅਤੇ ਉਨ੍ਹਾਂ ਨੇ ਗੁਰੂ ਘਰ ਦੇ ਬਰਖ਼ਿਲਾਫ਼ ਬੜਾ ਕੁਝ ਕਿਹਾ। ਹਿੰਦੂਆਂ ਦਾ ਨਵੀਨ ਧਰਮ ਅਖ਼ਤਿਆਰ ਕਰਨਾ, ਉੱਚ ਜ਼ਾਤੀਆਂ ਤੇ ਸ਼ੂਦਰਾਂ ਦਾ ਇਕੋ ਪੰਗਤ ਵਿਚ ਬੈਠ ਕੇ ਲੰਗਰ ਛਕਣਾ, ਇਤਿ ਆਦਕ ਗੱਲਾਂ ਨਾਲ ਇਸ ਦੇ ਕੰਨ ਭਰੇ। ਅਕਬਰ ਨੂੰ ਬੀਰਬਲ ਨੇ ਯਕੀਨ ਦਿਵਾਉਣ ਦਾ ਕਾਫ਼ੀ ਯਤਨ ਕੀਤਾ। ਐਥੋਂ ਤਕ ਭੀ ਕਿਹਾ ਕਿ ਇਹ ਸਿਖ ਧਰਮ ਜੋ ਹੈ ਇਹ ਕੁਫ਼ਰ ਤੇ ਨਾਸਤਕਤਾ ਦਾ ਪਰਚਾਰ ਕਰਦੇ ਹਨ। ਪਰ ਅਕਬਰ ਖ਼ੁਦ ਗੁਰੂ ਅਮਰਦਾਸ ਜੀ ਦਾ ਲੰਗਰ ਦੇਖ ਆਇਆ ਸੀ, ਉਸ ਦਾ ਮਨ ਨਾ ਮੰਨਿਆ। ਅਕਬਰ ਨੇ ਖ਼ੁਦ ਗੁਰੂ ਸਾਹਿਬ ਨਾਲ ਗੱਲਾਂ ਕੀਤੀਆਂ ਸਨ ਤੇ ਉਸ ਦੇ ਕਈ ਮੁਲਾਂ ਤੇ ਪੰਡਤਾਂ ਦੇ ਪਾਏ ਹੋਏ ਸ਼ੰਕੇ ਦੂਰ ਹੋ ਗਏ ਸਨ। ਉਸ ਨੇ ਖ਼ੁਸ਼ ਹੋ ਕੇ ਲੰਗਰ ਲਈ ਜਗੀਰ ਲਾ ਦਿੱਤੀ ਸੀ। ਗੁਰੂ ਸਾਹਿਬ ਦੇ ਕਹਿਣ ਤੇ ਹਿੰਦੂਆਂ ਤੋਂ ਜਜ਼ੀਆ ਭੀ ਮੁਆਫ਼ ਕਰ ਦਿਤਾ ਸੀ। ੧੬੦੫ ਈਸਵੀ ਨੂੰ ਅਕਬਰ ਆਗਰੇ ਮਰ ਗਿਆ ਤੇ ਉਸ ਦੇ ਬਾਅਦ ਇਸ ਦਾ ਵੱਡਾ ਲੜਕਾ ਸਲੀਮ ਜਹਾਂਗੀਰ ਦੇ ਨਾਂ ਨਾਲ ਤਖ਼ਤ ਤੇ ਬੈਠਾ। ਸਲੀਮ ਰੱਜ ਕੇ ਸ਼ਰਾਬੀ ਤੇ ਪਰਲੇ ਦਰਜੇ ਦਾ ਐਸ਼-ਪ੍ਰਸਤ ਸੀ। ਅਕਬਰ ਨਹੀਂ ਸੀ ਚਾਹੁੰਦਾ ਕਿ ਸਲੀਮ ਤਖ਼ਤ ਤੇ ਬੈਠੇ, ਕਿਉਂਕਿ ਉਸ ਵਿਚ ਮਜ਼ਬੀ ਤਅੱਸਬ ਬਹੁਤ ਸੀ। ਅਕਬਰ ਆਪਣੇ ਪੋਤਰੇ ਖ਼ੁਸਰੋ ਨੂੰ ਤਖ਼ਤ ਤੇ ਬਿਠਾਉਣਾ ਚਾਹੁੰਦਾ ਸੀ, ਪਰ ਦਰਬਾਰੀਆਂ ਦੀ ਕੂਟਨੀਤੀ ਨਾਲ ਸਲੀਮ ਤਖ਼ਤ ਤੇ ਬੈਠਣ ਵਿਚ ਸਫ਼ਲ ਹੋ


www.AKJ.Org

ਗਿਆ। ਇਸ ਤੇ ਤਖ਼ਤ ਲਈ ਪਿਉ ਪੁੱਤਰ ਦਾ ਝਗੜਾ ਹੋ ਗਿਆ। ਖ਼ੁਸਰੋ ਨੇ ਬਗ਼ਾਵਤ ਕਰ ਦਿੱਤੀ, ਜਿਸ ਵਿਚ ਉਸ ਨੂੰ ਸਫ਼ਲਤਾ ਪ੍ਰਾਪਤ ਨਾ ਹੋਈ ਤੇ ਉਹ ਪੰਜਾਬ ਵਲ ਭੱਜ ਗਿਆ।

ਜਹਾਂਗੀਰ ਨੇ ਈਰਖਾ ਦੀ ਅੱਗ ਵਿਚ ਅਕਬਰ ਵੇਲੇ ਦੇ ਬਹੁਤ ਸਾਰੇ ਸਿਆਣੇ ਨੀਤੀਵਾਨ ਦਰਬਾਰੀ ਇਸ ਲਈ ਕਤਲ ਕਰਵਾ ਦਿਤੇ ਕਿ ਉਹ ਉਸ ਦੇ ਪਿਤਾ ਨੂੰ ਹਮੇਸ਼ਾ ਗੁਮਰਾਹ ਕਰਦੇ ਰਹੇ ਸਨ। ਇਹ ਗੱਲਾਂ ਮੁਲਾਂ ਤੇ ਕਾਜ਼ੀਆਂ ਨੂੰ ਬਹੁਤ ਹੀ ਚੰਗੀਆਂ ਲੱਗੀਆਂ। ਉਹਨਾਂ ਬਾਦਸ਼ਾਹ ਦੇ ਖ਼ੂਬ ਕੰਨ ਭਰੇ ਤੇ ਇਸਲਾਮ ਦੇ ਵਾਧੇ ਲਈ ਪ੍ਰੇਰਿਆ।

ਜਹਾਂਗੀਰ ਨੇ ਮੁੜ ਜਜ਼ੀਆ ਲਾ ਦਿਤਾ ਤੇ ਆਪਣੇ ਪਿਤਾ ਦੀਆਂ ਦਿਤੀਆਂ ਸਭ ਰਿਆਇਤਾਂ ਖੋਹ ਲਈਆਂ। ਗੁਰੂ ਨਾਨਕ ਦਾ ਘਰ ਉਸ ਦੀਆਂ ਅੱਖਾਂ ਵਿਚ ਕੰਡੇ ਦੀ ਤਰ੍ਹਾਂ ਰੜਕਦਾ ਸੀ। ਉਹ ਸਮਝਦਾ ਸੀ ਕਿ ਇਹ ਨਾਨਕ-ਸ਼ਾਹੀ ਲਹਿਰ ਅਸਲਾਮ ਦੇ ਰਸਤੇ ਵਿਚ ਵਡੀ ਸਾਰੀ ਰੁਕਾਵਟ ਹੈ-ਜਿਸ ਨੂੰ ਉਹ ਹਰ ਜਾਇਜ਼ ਤੇ ਨਾਜਾਇਜ਼ ਢੰਗ ਨਾਲ ਰਾਹ ਚੋਂ ਹਟਾਉਣਾ ਚਾਹੁੰਦਾ ਸੀ। ਇਸ ਦਾ ਜ਼ਿਕਰ ਉਹ ਆਪਣੀ ਸਵੈ-ਜੀਵਨੀ 'ਤੁਜ਼ਕੇ ਜਹਾਂਗੀਰੀ' ਸਫ਼ਾ ੩੫ ਤੇ ਖ਼ੁਦ ਇਉਂ ਕਰਦਾ ਹੈ :-

"ਦਰ ਗੋਇੰਦਦਵਾਲ ਕਿ ਬਰ ਕਿਨਾਰੇ ਦਰਿਆਏ ਬਿਆਹ ਵਾਕੇ ਅਸਤ ਹਿੰਦੂਏ ਬੂਦ ਅਰਜਨ ਨਾਮ ਦਰ ਲਿਬਾਸੇ ਪੀਰੋ ਵਾ ਸ਼ੇਖ਼ੇ। ਚੁੰਨਾਚੇ ਬਸਿਆਰੇ ਅੱਜ਼ ਸਾਦਾ ਲੋਹਾਨੇ ਹਿੰਦੂ ਬਲਕੇ ਨਾਦਾਨੇ ਸਫਹਾਨੇ ਅਸਲਾਮ ਰਾ ਮਕੀਦੇ ਅਤਵਾਰੇ ਓਜ਼ਾਏ ਖ਼ੁਦ ਸਾਖ਼ਤਾ ਕੋਸੇ ਪੀਰੀ ਵਾ ਵਲਾਇਤ ਰਾ ਬਲੰਦ ਅਵਾਜ਼ਾ ਗਰਦਾਨੀਦਾ ਬੂਦ। ਊ ਰਾ ਗੁਰੂ ਮੇ ਗੁਫ਼ਤੰਦ ਵਾ ਅਜ਼ ਅਤਰਾਫ਼ ਵਾ ਜਵਾਨਬ ਗੋਲਾਨੇ ਗੋਲ ਪਰੱਸਤਾਂ ਬਦੂ ਰਜੂਅ ਆਵੁਰਦਾ ਇਤਕਾਦੇ ਤਮਾਮ ਬਾ-ਊ ਅਜ਼ਹਾਰ ਮੇ ਕਰਦੰਦ। ਅੱਜ਼ ਸੇਹ ਚਹਾਰ ਪੁਸ਼ਤ ਊ ਈਂ ਦੁਕਾਨ ਰਾ ਗਰਮ ਮੇ ਦਾਸ਼ਤੰਦ। ਮੁਦਤ-ਹਾ ਬ-ਖ਼ਾਤਰ ਮੇ ਗੁਜ਼ੱਸ਼ਤ ਕਿ ਈਂ ਦੁਕਾਨੇ ਬਾਤਲ ਰਾ ਬਰਤਰਫ ਬਾਇਦ ਸਾਖ਼ਤ। ਯਾ ਊ ਰਾ ਦਰ ਜਿਰਗਾ ਅਹਿਲੇ ਅਸਲਾਮ ਦਰ ਬਾਇਦ ਆਵਰਦ।

ਤਾਂ ਆਂਕਿ ਦਰੀਂ ਅਯਾਮ ਖ਼ੁਸਰੋ ਅਜ਼ਾਂ ਰਾਹ ਅਬੂਰ ਮੇ ਨਮੂਦ। ਈਂ ਮਰਦਕੇ ਮਜਹੂਲ ਅਰਾਦਾ ਕਰਦ ਕਿ ਮਲਾਜ਼ਮਤੇ ਊ ਦਰਿਯਾਬਦ। ਦਰ ਮਨਜ਼ਲੇ ਕਿ ਜਾਉ ਮਕਾਮੇ ਊ ਬੂਦ। ਖ਼ੁਸਰੋ ਰਾ ਨਜ਼ੂਲ ਉਫ਼ਤਾਦ। ਆਮਦਾ ਊ ਰਾ ਦੀਦ ਵਾ ਬਾਅਜ਼ੇ ਮੁਕੱਦਮਾਤ ਫ਼ਰਾਯਾਫ਼ਤਾ ਬਾ-ਉ ਰਸਾਨੀਦ ਵਾ ਬਰ ਪੇਸ਼ਾਨੀ ਊ ਅੰਗੁਸ਼ੱਤੇ ਅੱਜ਼ ਜ਼ਾਫ਼ਰਾਨ ਕਿ ਬਹਿ ਅਸਤਲਾਏ ਹਿੰਦੂਆਂ


www.AKJ.Org

ਕਿਸ਼ਕਾ ਗੋਇੰਦ ਕਸ਼ੀਦ ਵਾ ਆਂ ਰਾ ਸ਼ਗੂਨ ਮੇ ਦਾਨੰਦ।

ਚੂੰ ਈਂ ਮੁਕੱਦਮਾ ਬਮਸਾਮੇਅ ਜਾਹ ਓ ਜਲਾਲ ਮੇ ਰਸਦ ਵਾ ਬਿਤਲਾਨ ਊ ਰਾ ਬਵਜਾ ਅਕਮਲ ਮੇ ਦਾਨਿਸਤਮ। ਅਮਰ ਕਰਦਮ ਕਿ ਊ ਰਾ ਹਾਜ਼ਰ ਸਾਖ਼ਤੰਦ ਵਾ ਮਸਾਕਨ ਵਾ ਮਨਾਜ਼ਲ ਵਾ ਫ਼ਰਜ਼ੰਦਾਨੇ ਊ ਰਾ ਬਾ ਮੁਰਤਜ਼ਾ ਖ਼ਾਨ ਅਨਾਇਤ ਨਮੂਦਮ ਵਾ ਅਸਬਾਬ ਵਾ ਅਮਵਾਲੇ ਊ ਰਾ ਬਕੈਦੇ ਜ਼ਬਤ ਦਰ ਆਵਰਦਾ, ਫ਼ਰਮੂਦਮ ਕਿ ਊ ਰਾ ਬਾ-ਸਿਆਸਤ ਵਾ ਬ-ਯਾਸਾ ਰਸਾਨੰਦ।''

ਇਹ ਫ਼ਾਰਸੀ ਦੀ ਸਹੀ ਤੁਜ਼ਕੇ ਜਹਾਂਗੀਰੀ ਦੀ ਨਕਲ ਹੈ ਜਿਹੜੀ ਕਿ ਖ਼ੁਦ ਜਹਾਂਗੀਰ ਨੇ ਆਪਣੇ ਹੱਥ ਨਾਲ ਲਿਖੀ ਹੈ ਤੇ ਹੁਕਮ ਦਿਤਾ ਹੈ।

ਇਸ ਦਾ ਪੰਜਾਬੀ ਅਨੁਵਾਦ ਇਉਂ ਹੈ :–

''ਗੋਇੰਦਵਾਲ ਵਿਚ ਜੋ ਕਿ ਦਰਿਆ ਬਿਆਸਾ ਦੇ ਕੰਢੇ ਤੇ ਵਾਕਿਆ ਹੈ, ਪੀਰਾਂ ਤੇ ਫ਼ਕੀਰਾਂ ਦੇ ਭੇਸ ਵਿਚ ਅਰਜਨ ਨਾਂ ਦਾ ਇਕ ਹਿੰਦੂ ਸੀ। ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਨੂੰ ਨਹੀਂ, ਸਗੋਂ ਕਈ ਬੇਸਮਝ ਮੁਸਲਮਾਨਾਂ ਨੂੰ ਭੀ ਆਪਣੇ ਢੰਗ ਤ੍ਰੀਕਿਆਂ ਤੇ ਉਪਦੇਸ਼ਾਂ ਦਾ ਸਿਦਕੀ ਬਣਾ ਕੇ ਆਪਣੀ ਪੀਰੀ (ਵਡਿਆਈ) ਅਤੇ ਰੱਬ ਨਾਲ ਨਜ਼ਦੀਕੀ ਦਾ, ਅਥਵਾ ਪੀਰੀ ਤੇ ਵਲੀ ਹੋਣ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਆਖਦੇ ਸਨ ਅਤੇ ਸਾਰਿਆਂ ਪਾਸਿਆਂ ਤੋਂ ਮੂਰਖ ਅਤੇ ਮੂਰਖਾਂ ਦੇ ਪੁਜਾਰੀ ਲੋਕ ਉਸ ਦੇ ਉਦਾਲੇ ਆ ਜੁੜਦੇ ਸਨ। ਤਿੰਨਾਂ ਚਹੁੰ ਪੀੜੀਆਂ ਤੋਂ ਉਹਨਾਂ ਨੇ ਇਹ ਦੁਕਾਨ ਗਰਮ ਰੱਖੀ ਹੋਈ ਸੀ। ਮੁਦਤਾਂ ਤੋਂ ਮੇਰੇ ਦਿਲ ਵਿਚ ਖਿਆਲ ਆਇਆ ਕਰਦਾ ਸੀ ਕਿ ਜਾਂ ਤਾਂ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਤੇ ਜਾਂ ਉਸ ਨੂੰ ਮੁਸਲਮਾਨੀ ਮੱਤ ਵਿਚ ਲਿਆਉਣਾ ਚਾਹੀਦਾ ਹੈ।

ਇਹਨਾਂ ਦਿਨਾਂ ਵਿਚ ਹੀ ਖ਼ੁਸਰੋ ਦਰਿਆ ਪਾਰ ਹੋਇਆ। ਜਾਹਲ ਤੇ ਹਕੀਰ ਖ਼ੁਸਰੋ ਨੇ ਉਸ (ਗੁਰੂ ਅਰਜਨ) ਪਾਸ ਪੜਾ ਕੀਤਾ। ਉਸ ਨਾਲ ਮਿਲ ਕੇ ਕਈ ਗਿਣੀਆਂ ਮਿਥੀਆਂ ਗੱਲਾਂ ਭੀ ਕੀਤੀਆਂ। ਤੇ ਉਸ (ਗੁਰੂ ਅਰਜਨ) ਨੇ ਕੇਸਰ ਦਾ ਤਿਲਕ ਭੀ ਖ਼ੁਸਰੋ ਨੂੰ ਲਾਇਆ, ਜਿਸ ਨੂੰ ਹਿੰਦੂ ਲੋਕ ਚੰਗਾ ਸ਼ਗਨ ਕਹਿੰਦੇ ਹਨ। ਮੈਂ ਇਸ ਦੇ ਪਾਜ ਨੂੰ ਅਗੇ ਹੀ ਚੰਗੀ ਤਰ੍ਹਾਂ ਜਾਣਦਾ ਸੀ। ਜਦੋਂ ਮੈਂ ਇਹ ਸੁਣਿਆ ਤਾਂ ਇਹ ਹੁਕਮ ਦਿਤਾ ਕਿ ਇਸ ਨੂੰ ਹਾਜ਼ਰ ਕੀਤਾ ਜਾਵੇ, ਉਸ ਦੇ ਘਰ ਬਾਰ ਤੇ ਅਸਬਾਬ ਨੂੰ ਜ਼ਬਤ ਕਰ ਕੇ ਉਸ ਦੇ ਬੱਚਿਆਂ ਨੂੰ ਮੁਰਤਜ਼ ਖਾਂ ਦੇ ਹਵਾਲੇ ਕੀਤਾ ਜਾਵੇ। ਉਸ ਨੂੰ ਡਰਾ ਧਮਕਾ ਕੇ ਯਾਸਾ ਵਿਧੀ ਅਨੁਸਾਰ ਜਾਨੋਂ ਮਾਰ ਦਿਤਾ ਜਾਵੇ।''


www.AKJ.Org

ਇਹ ਸਭ ਤੋਂ ਵਡਾ ਲਿਖਤੀ ਸਬੂਤ ਸਾਡੇ ਪਾਸ ਹੈ ਜਿਹੜਾ ਕਿ ਖ਼ੁਦ ਜਹਾਂਗੀਰ ਨੇ ਆਪਣੀ ਸਵੈ-ਜੀਵਨੀ ਵਿਚ ਆਪਣੇ ਹੱਥੀਂ ਲਿਖਿਆ । ਇਸ ਨੂੰ ਪੜ੍ਹ ਕੇ ਅਸੀਂ ਸੌਖੀ ਤਰ੍ਹਾਂ ਸਮਝ ਸਕਦੇ ਹਾਂ ਕਿ ਅਸਲ ਵਿਚ ਜਹਾਂਗੀਰ ਦਾ ਮਨੋ-ਭਾਵ ਕੀ ਸੀ, ਜਿਹੜਾ ਗੁਰੂ ਸਾਹਿਬ ਦੇ ਮਿਸ਼ਨ ਨੂੰ ਝੂਠੀ ਦੁਕਾਨ ਦਸਦਾ ਹੈ। ਉਸ ਦੇ ਉਲਟ ਜਿਸ ਸੱਚੀ ਦੁਕਾਨ ਤੋਂ ਸੌਦਾ ਖ਼ਰੀਦਣ ਵਾਲੇ ਉਸ ਦੇ ਦੀਨੀ ਭਾਈ ਮੁਸਲਮਾਨ ਭੀ ਵਰੋਸਾਏ ਜਾਂਦੇ ਸਨ ।

ਉਹ ਕੋਈ ਬਹਾਨਾ ਭਾਲ ਰਿਹਾ ਸੀ ਕਿ ਮੈਂ ਗੁਰੂ ਅਰਜਨ ਦੇਵ ਨੂੰ ਫੜਾਂ ਤੇ ਇਸ ਦੁਕਾਨ ਨੂੰ ਬੰਦ ਕਰ ਦੇਵਾਂ । ਚੁਨਾਂਚਿ ਖ਼ੁਸਰੋ ਦੇ ਮੇਲ ਨੂੰ ਰਾਜਨੀਤਕ ਰੰਗਤ ਦੇ ਕੇ ਉਸ ਨੇ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿਤਾ ।

ਬ੍ਰਾਹਮਣ ਤੇ ਮੁਲਾਂ ਗੁਰੂ ਜੀ ਦੇ ਉਪਦੇਸ਼ ਦੇ ਉਲਟ ਸਨ ਹੀ, ਅਤੇ ਬਾਬਾ ਪ੍ਰਿਥੀ ਚੰਦ, ਗੁਰੂ ਜੀ ਦਾ ਵਡਾ ਭਾਈ ਗੱਦੀ ਨਾ ਮਿਲਣ ਕਰਕੇ ਕੱਟੜ ਵਿਰੋਧੀ ਸੀ। ਹੁਣ ਉਹਨਾਂ ਨੂੰ ਜਹਾਂਗੀਰ ਦੇ ਗੁਸੇ ਦੇ ਸਮੇਂ ਵਿਚ ਆਪਣੇ ਦਿਲ ਦੇ ਭੜਾਸ ਕਢਣ ਦਾ ਮੌਕਾ ਮਿਲ ਗਿਆ । ਉਨ੍ਹਾਂ ਬਾਦਸ਼ਾਹ ਨੂੰ ਯਕੀਨ ਕਰਾ ਦਿਤਾ ਕਿ ਖ਼ੁਸਰੋ ਨੂੰ ਪਨਾਹ ਤੇ ਸਹਾਇਤਾ ਠੀਕ ਗੁਰੂ ਅਰਜਨ ਦੇਵ ਨੇ ਹੀ ਦਿਤੀ ਹੈ । ਚੰਦੂ ਅੱਡ ਆਪਣੇ ਸੁਆਰਥ ਲਈ ਪਿਟ ਰਿਹਾ ਸੀ। ਉਸ ਦੀ ਧੀ ਦਾ ਕੋਈ ਰਿਸ਼ਤਾ ਨਹੀਂ ਸੀ ਲੈਂਦਾ ।

ਸੋ ਪੰਚਮ ਪਾਤਸ਼ਾਹ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਕੇ ਜਹਾਂਗੀਰ ਕਸ਼ਮੀਰ ਚਲਾ ਗਿਆ । ਪਿਛੋਂ ਪੰਚਮ ਪਾਤਸ਼ਾਹ ਦੇ ਲਾਹੌਰ ਪੁਜਣ ਤੇ ਮੁਰਤਜ਼ਾ ਖ਼ਾਨ ਨੇ ਗੁਰੂ ਸਾਹਿਬ ਨੂੰ ਚੰਦੂ ਦੇ ਹਵਾਲੇ ਕਰ ਦਿਤਾ । ਚੰਦੂ ਨੇ ਉਹਨਾਂ ਨੂੰ ਆਪਣੇ ਘਰ ਲਿਜਾ ਕੇ ਕਹਿਰ ਦੇ ਤਸੀਹੇ ਦੇਣੇ ਸ਼ੁਰੂ ਕਰ ਦਿਤੇ । ਪਹਿਲੋਂ ਚੰਦੂ ਨੇ ਉਬਲਦੇ ਪਾਣੀ ਦੀ ਸੜਦੀ ਦੇਗ ਵਿਚ ਗੁਰੂ ਜੀ ਨੂੰ ਬਿਠਾਇਆ । ਅਗਲੇ ਦਿਨ ਉਹਨਾਂ ਦੇ ਪਿੰਡੇ ਤੇ ਸੜਦੀ ਰੇਤ ਪੁਆਈ ਗਈ। ਫੇਰ ਉਹਨਾਂ ਨੂੰ ਲੋਹ ਤੇ ਬਿਠਾ ਕੇ ਹੇਠਾਂ ਅੱਗ ਦੇ ਭਾਂਬੜ ਬਾਲੇ ਗਏ। ਸਤਿਗੁਰੂ ਜੀ ਦਾ ਸਰੀਰ ਛਾਲੇ ਛਾਲੇ ਹੋ ਕੇ ਛਾਨਣੀ ਛਾਨਣੀ ਹੋ ਗਿਆ । ਇਸ ਜ਼ੁਲਮ ਤੇ ਅਤਿਆਚਾਰ ਦੀ ਖ਼ਬਰ ਲਾਹੌਰ ਵਿਚ ਬਿਜਲੀ ਵਾਂਗ ਫੈਲ ਗਈ। ਲਾਹੌਰ ਵਿਚ ਇਕੋ ਇਕ ਵਲੀ ਅੱਲਾ ਗੁਰੂ ਸਾਹਿਬ ਦਾ ਦਰਦੀ ਫ਼ਕੀਰ ਸੀ, ਤੇ ਉਹ ਸੀ ਪੀਰ ਮੀਆਂ ਮੀਰ। ਉਸ ਨੂੰ ਖ਼ਬਰਾਂ ਪੁਜੀਆਂ ਤਾਂ ਉਹ ਵਾਹੋ ਦਾਹੀ ਭੱਜਾ ਆਇਆ, ਸਤਿਗੁਰੂ ਜੀ ਦੇ ਉਤੇ ਹੋਏ ਜ਼ੁਲਮ ਨੂੰ ਦੇਖ ਕੇ ਮੀਆਂ ਮੀਰ ਦੇ ਅੰਦਰ ਕਾਤੀਆਂ ਚਲ ਗਈਆਂ। ਸਤਿਗੁਰੂ ਜੀ ਦੀ ਪਰਤੱਖ ਬੇਮਿਸਾਲ ਕੁਰਬਾਨੀ ਦੇਖ ਕੇ ਮੀਆਂ ਮੀਰ ਦੀ ਸਾਂਝ, ਇਸ਼ਕ ਪਿਆਰ ਵਿਚ ਬਦਲ ਗਈ।


www.AKJ.Org

ਇਹ ਸਾਕਾ ਜਦੋਂ ਵਰਤਿਆ ਉਦੋਂ ਸੰਮਤ ੧੬੬੨ ਦੇ ਹਾੜ ਮਹੀਨੇ ਦੀ ਪਹਿਲੀ ਤਰੀਕ ਸੀ ਤੇ ਚੰਦਰਮਾ ਦੇ ਹਿਸਾਬ ਨਾਲ ਜੇਠ ਸੁਦੀ ਚੌਥ ਸੀ, ਭਾਵ ਮੱਸਿਆਂ ਤੋਂ ਚੌਥਾ ਦਿਨ। ਉਦੋਂ ਈਸਾਵੀ ਸੰਨ ੧੬੦੬ ਤੇ ਮਈ ਦੀ ੩੦ ਤਰੀਕ ਸੀ। ਹਿਜਰੀ ੧੦੨੫ ਸੀ।

ਹੁਣ ਚੰਦੂ ਪਾਪੀ ਨੇ ਵੇਖਿਆ ਕਿ ਪੰਜ ਦਿਨ ਹੋ ਗਏ ਹਨ ਤੇ ਇਹ ਅਜੇ ਵੀ ਵਾਹਿਗੁਰੂ ਦੇ ਚਰਨਾਂ ਵਿਚ ਮਸਤ ਤੇ ਅਡੋਲ ਬੈਠੇ ਹਨ। ਭਾਵ ਗੁਰੂ ਜੀ ਨੇ ਕਸ਼ਟ ਨਹੀਂ ਮੰਨਿਆ। ਤਾਂ ਆਪ ਜੀ ਨੂੰ ਜੇਠ ਸੁਦੀ ਚੌਥ ੧ ਹਾੜ ਸੰਮਤ ੧੬੬੨ ਨੂੰ ਯਾਸਾ ਵਿਧੀ ਅਨੁਸਾਰ ਰਾਵੀ ਦੇ ਕੰਢੇ ਤੇ ਲੈ ਜਾਇਆ ਗਿਆ। ਰਾਵੀ ਦੇ ਠੰਡੇ ਪਾਣੀ ਵਿਚ ਆਪ ਦਾ ਸਰੀਰ ਸੁਟਵਾ ਦਿਤਾ ਗਿਆ। ਠੰਡਾ ਪਾਣੀ ਲੱਗਣ ਦੀ ਦੇਰ ਸੀ ਕਿ ਆਪ ਜੀ ਦੀ ਜੋਤ ਅਕਾਲ ਪੁਰਖ ਦੇ ਨਾਲ ਜਾ ਮਿਲੀ। ਤੇ ਦਰਿਆ ਦਾ ਪਾਣੀ ਆਪ ਦੇ ਸਰੀਰ ਨੂੰ ਰੋੜ੍ਹ ਕੇ ਲੈ ਗਿਆ।

ਗੁਰੂ ਸਾਹਿਬ ਦੀ ਅੰਤਮ ਸ਼ਹੀਦੀ ਬਾਰੇ ਵੀ ਕਈ ਭੁਲੇਖੇ ਹਨ। ਕਈ ਲੇਖਕ ਲਿਖਦੇ ਹਨ ਕਿ ਗੁਰੂ ਸਾਹਿਬ ਰਾਵੀ ਵਿਚ ਚੁਭਾ ਮਾਰ ਗਏ ਸਨ, ਭਾਵ ਕਸ਼ਟਾਂ ਤੋਂ ਦੁਖੀ ਹੋ ਕੇ ਆਤਮਘਾਤ ਕਰ ਗਏ। ਸੋਚਣ ਤੇ ਵਿਚਾਰਨ ਵਾਲੀ ਗੱਲ ਹੈ ਕਿ ਤੱਤੀ ਤਵੀ, ਉਬਲਦੀ ਦੇਗ ਅਤੇ ਅੱਗ ਸਮਾਨ ਤਪਦੀ ਰੇਤ ਉਹਨਾਂ ਦੀ ਅਡੋਲ ਆਤਮਾ ਨੂੰ ਨਾ ਡੁਲਾ ਸਕੀ ਤੇ ਅੰਤ ਵੇਲੇ ਉਹ ਕਿਵੇਂ ਡਰ ਗਏ। ਇਹ ਇਕ ਘੋਰ ਪਾਪ ਹੈ ਜੋ ਗੁਰੂ ਜੀ ਦੀ ਪਵਿੱਤਰ ਆਤਮਾ ਨਾਲ ਥਪਿਆ ਜਾਂਦਾ ਹੈ। ਸੋ ਇਸ ਨੂੰ ਸੋਚਣ ਸਮਝਣ ਦੀ ਲੋੜ ਹੈ। ਸਰੀਰ ਤਾਂ ਪਹਿਲੇ ਝੁਲਸਿਆ ਪਿਆ ਸੀ, ਠੰਡਾ ਪਾਣੀ ਪੈਣ ਦੀ ਦੇਰ ਸੀ ਕਿ ਜੋਤ ਨਾਲ ਜੋਤ ਜਾ ਮਿਲੀ।

ਆਓ ਹੁਣ ਯਾਸਾ ਦੀ ਪੜਚੋਲ ਕਰੀਏ, ਜਿਸ ਵਿਧੀ ਦੀ ਜਹਾਂਗੀਰ ਨੇ ਆਪਣੇ ਹੁਕਮ ਵਿਚ ਤਾੜਨਾ ਕੀਤੀ ਹੈ।

"ਫ਼ਰਮੂਦਮ ਕਿ ਊ ਰਾ ਬਾ-ਸਿਆਸਤ ਵਾ ਬ-ਯਾਸਾ ਰਸਾਨੰਦ।"

## ਯਾਸਾ ਦੀ ਪੜਚੋਲ

ਚੰਗੇਜ਼ ਖ਼ਾਂ ਜਿਸ ਦਾ ਅਸਲੀ ਨਾਂ ਤੈਮਚੁੰਨ ਸੀ, ਮੰਗੋਲ ਕਬੀਲੇ ਦਾ ਸਰਦਾਰ ਸੀ। ਇਹ ਦੁਨੀਆ ਦਾ ਬਹੁਤ ਹੀ ਵੱਡਾ ਫ਼ਾਤਹ, ਮੁਦੱਬਰ ਤੇ ਬਲਵਾਨ



www.AKJ.Org

ਹੁਕਮਰਾਨ ਹੋਇਆ ਹੈ, ਇਹ ੧੧੬੨ ਸੰਨ ਈਸਵੀ ਵਿਚ ਪੈਦਾ ਹੋਇਆ ਤੇ ੧੨੨੭ ਈ: ਵਿਚ ਮਰਿਆ।

ਚੰਗੇਜ਼ ਖ਼ਾਂ ਨੇ ੧੨੦੬ ਈਸਵੀ ਵਿਚ ਇਕ ਵਿਧਾਨ ਸਭਾ ਬਣਾਈ ਤੇ ਉਹ ਵਿਧਾਨ ਸਭਾ ਪੂਰੇ ਬਾਰ੍ਹਾਂ ਸਾਲ ਵਿਧਾਨ ਘੜਦੀ ਰਹੀ। ਉਹ ਘੜਿਆ ਹੋਇਆ ਵਿਧਾਨ ੧੨੧੮ ਈ: ਵਿਚ ਸਾਰੀ ਬਾਦਸ਼ਾਹਤ ਵਿਚ ਲਾਗੂ ਕਰ ਦਿਤਾ ਗਿਆ। ਇਸ ਦੇ ਵਿਧਾਨ ਦਾ ਜੋ ਖਿਲਾਰ ਤੇ ਪਸਾਰਾ ਸੀ ਉਸ ਵਿਚੋਂ ਅਜ ਦੋ ਕਾਨੂੰਨਾਂ ਬਾਰੇ ਪਤਾ ਲਗਦਾ ਹੈ। ਇਕ ਬਲੀਕ ਤੇ ਦੂਜਾ ਯਾਸਾ। ਬਲੀਕ ਦੇ ਅਰਥ ਹਨ ਕਿਸੇ ਕਾਨੂੰਨ ਦੀ ਬੁਨਿਆਦ (Fundemental Principles of Mougal Laws)

ਇਸ ਤੋਂ ਪਹਿਲਾਂ ਜਦ ਮੰਗੋਲਾਂ ਨੇ ਇਸਲਾਮ ਧਰਮ ਧਾਰਨ ਕੀਤਾ, ਉਹ ਸ਼ਾਮਾਨੀ ਧਰਮ ਨੂੰ ਮੰਨਦੇ ਸਨ। ਸ਼ਾਮਾਨ ਧਰਮ ਦੇ ਮੰਨਣ ਵਾਲੇ ਦੇਵ, ਭੂਤ, ਪਰੀਆਂ, ਦਰਖਤਾਂ ਤੇ ਅਸਮਾਨ ਦੇ ਪੁਜਾਰੀ ਹਨ। ਉਹਨਾਂ ਦੇ ਪਰਚਾਰਕਾਂ ਨੂੰ ਬਿਕੀ ਕਹਿੰਦੇ ਹਨ। ਇਹ ਹੋ ਸਕਦਾ ਹੈ ਕਿ ਇਹ ਸ਼ਬਦ ਉਹੋ ਹੀ ਬੋਧੀ ਸ਼ਬਦ ਭਿਕਸ਼ੂ ਤੋਂ ਵਿਗੜ ਕੇ ਬਿਕੀ ਬਣਿਆ ਹੋਵੇ ਕਿਉਂਕਿ ਬਾਰ੍ਹਵੀਂ ਸਦੀ ਵਿਚ ਮਹਾਨ ਬੁਧ ਧਰਮ ਮੰਗੋਲੀਆ ਵਿਚ ਫੈਲ ਚੁਕਾ ਸੀ।

ਇਹਦੇ ਵਿਚ ਹੁਣ ਕੋਈ ਸੰਦੇਹ ਨਹੀਂ ਰਹਿ ਜਾਂਦਾ ਕਿ ਇਹ ਕਾਨੂੰਨ ਜਿਸ ਦਾ ਨਾਮ ਯਾਸਾ ਸੀ, ਵਰਤਿਆ ਜਾਂਦਾ ਸੀ ਕਿਸੇ ਮਜ਼੍ਹਬੀ ਆਗੂ, ਮੌਲਵੀ ਜਾਂ ਕਿਸੇ ਬਹੁਤ ਹੀ ਵਡੀ ਰੂਹਾਨੀ ਤਾਕਤ ਰੱਖਣ ਵਾਲੇ ਸੰਤ ਲਈ। ਜੇਕਰ ਅਜਿਹਾ ਸਮਾਂ ਆ ਜਾਂਦਾ ਤੇ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ ਕਿ ਕੋਈ ਬਿਕੀ ਜਾਂ ਬਿਕੀ ਦੇ ਦਰਜੇ ਦੇ ਬਰਾਬਰ ਦੇ ਪੁਰਸ਼ ਨੂੰ ਮੌਤ ਦੇ ਘਾਟ ਉਤਾਰਨਾ ਹੈ, ਜਦੋਂ ਕਿ ਉਸ ਦੀਆਂ ਹਰਕਤਾਂ ਨਿਰੋਲ ਹੀ ਰਾਜਨੀਤਕ ਤੇ ਹਕੂਮਤ ਦੇ ਕੰਮਾਂ ਵਿਚ ਰੁਕਾਵਟ ਪਾਉਂਦੀਆਂ ਹੋਣ ਤੇ ਹਾਲਤ ਐਥੋਂ ਤਕ ਗੰਭੀਰ ਹੋ ਗਈ ਹੋਵੇ ਕਿ ਬਿਕੀ ਨੂੰ ਮਾਰੇ ਬਿਨਾਂ ਹਕੂਮਤ ਦਾ ਕਾਇਮ ਰਹਿਣਾ ਬਹੁਤ ਹੀ ਮੁਸ਼ਕਲ ਹੈ ਤਾਂ ਹਕੂਮਤ ਦੀ ਬਿਹਤਰੀ ਤੇ ਬਚਾਉ ਇਸੇ ਵਿਚ ਹੈ ਕਿ ਇਸ ਬਿਕੀ ਨੂੰ ਖ਼ਤਮ ਕਰ ਦਿਤਾ ਜਾਵੇ। ਉਸ ਬਿਕੀ ਦੀ ਮੌਤ ਬਗ਼ੈਰ ਜ਼ਮੀਨ ਤੇ ਖ਼ੂਨ ਡੋਲ੍ਹੇ, ਪਾਣੀ ਵਿਚ ਉਬਾਲ ਕੇ ਜਾਂ ਕਿਸੇ ਹੋਰ ਤਰੀਕੇ ਨਾਲ ਤਸੀਹੇ ਦੇ ਕੇ ਕੀਤੀ ਜਾਂਦੀ ਹੈ। ਤਾਂ ਕਿ ਉਹ ਬਿਕੀ ਮਰਨ ਤੋਂ ਬਾਅਦ ਭੂਤ ਬਣ ਕੇ ਵਾਪਸ ਨ ਆਉਣ ਤੇ ਉਹਨਾਂ ਦੇ ਕਬੀਲੇ ਨੂੰ ਦੁਖ ਨ ਦੇਣ।

ਚੰਗੇਜ਼ ਖ਼ਾਂ ਦੇ ਇਸ ਯਾਸਾ ਕਾਨੂੰਨ ਦੀਆਂ ਦੋ ਵਰਨਣ ਯੋਗ ਘਟਨਾਵਾਂ


www.AKJ.Org

ਲਿਖਤੀ ਤੌਰ ਤੇ ਮਿਲਦੀਆਂ ਹਨ । ਇਕ ਚੰਗੇਜ਼ ਖ਼ਾਂ ਨੇ ਖੁਦ ਤੇ ਇਕ ਉਸ ਦੇ ਜਰਨੈਲ ਮੁਖ਼ਾਲੀ ਖ਼ਾਂ ਨੇ ਵਰਤੋਂ ਵਿਚ ਲਿਆਂਦੀਆਂ। ਇਕ ਘਟਨਾ ਵਿਚ ਇਕ ਬਿਕੀ ਨੂੰ ਜੀਊਂਦੇ ਹੀ ਉਬਾਲ ਕੇ ਉਸਦਾ ਅੰਤ ਕੀਤਾ ਗਿਆ । ਦੂਜੀ ਘਟਨਾ ਵਿਚ ਇਕ ਬਿਕੀ ਦੇ ਹੱਥ ਤੇ ਪੈਰ ਬੰਨ੍ਹ ਕੇ ਦਰਿਆ ਦੇ ਐਨ ਡੂੰਘੇ ਪਾਣੀ ਵਿਚ ਸੁਟਿਆ ਗਿਆ, ਜਿਥੇ ਕਿ ਲਹਿਰਾਂ ਬਹੁਤ ਹੀ ਜ਼ੋਰਦਾਰ ਸਨ ।

ਇਸ ਅਸਲੀਅਤ ਦੀ ਪੜਚੋਲ ਦੇ ਸਿੱਟੇ ਵਜੋਂ ਇਹ ਹੁਣ ਸਾਫ਼ ਹੋ ਗਿਆ ਕਿ ਜਿਹੜੀ ਸਜ਼ਾ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਦਿਤੀ ਉਹ ਯਾਸਾ ਕਾਨੂੰਨ ਦੀ ਵਿਧੀ ਅਨੁਸਾਰ ਸੀ । ਇਕ ਤਾਂ ਇਹ ਕਿ ਗੁਰੂ ਅਰਜਨ ਦੇਵ ਜੀ ਦੇ ਕਸੂਰ ਐਨੇ ਗੰਭੀਰ ਤੇ ਅਸਰਦਾਇਕ ਸਨ, ਜੋ ਜਹਾਂਗੀਰ ਦੀ ਹਕੂਮਤ ਵਿਚ ਸਿਧੀ ਦਖ਼ਲ-ਅੰਦਾਜ਼ੀ ਸੀ । ਜਹਾਂਗੀਰ ਸਮਝਦਾ ਸੀ ਕਿ ਗੁਰੂ ਜੀ ਦੀ ਮੌਜੂਦਗੀ ਹੁਣ ਉਸ ਦੀ ਹਕੂਮਤ ਨੂੰ ਖ਼ਤਰਾ ਬਣ ਕੇ ਸਾਹਮਣੇ ਆ ਗਈ ਹੈ ।

ਦੂਜਾ ਰੂਹਾਨੀਅਤ ਤੌਰ ਤੇ ਗੁਰੂ ਜੀ ਦਾ ਦਰਜਾ ਬਹੁਤ ਉੱਚਾ ਸੀ । ਇਸ ਕਰਕੇ ਉਹ ਡਰਦਾ ਸੀ ਕਿ ਜੇਕਰ ਉਹਨਾਂ ਨੂੰ ਹੋਰ ਕੋਈ ਸਜ਼ਾ ਦਿਤੀ ਤੇ ਖ਼ੂਨ ਡੁਲ੍ਹ ਗਿਆ ਤਾਂ ਉਸ ਦੀ ਹਕੂਮਤ ਲਈ ਭਿਆਨਕ ਖਤਰਾ ਹੋਵੇਗਾ । ਇਹ ਦੋ ਚੀਜ਼ਾਂ ਮੁਖ ਰੱਖ ਕੇ ਉਸ ਨੇ ਹੁਕਮ ਦਿਤਾ ਕਿ ਗੁਰੂ ਅਰਜਨ ਦੇਵ ਜੀ ਨੂੰ ਜੀਊਂਦੇ ਪਾਣੀ ਵਿਚ ਉਬਾਲ ਕੇ, ਤੱਤੀ ਤਵੀ ਤੇ ਬਿਠਾ ਕੇ ਤੇ ਆਖ਼ਰ ਉਹਨਾਂ ਦੇ ਸਰੀਰ ਨੂੰ ਦਰਿਆ ਰਾਵੀ ਦੇ ਡੂੰਘੇ ਪਾਣੀ ਵਿਚ ਸੁਟ ਦਿਤਾ ਜਾਵੇ, ਜਿਹੜਾ ਕਿ ਠੀਕ ਇਵੇਂ ਹੀ ਕੀਤਾ ਗਿਆ। ਹੁਣ ਇਹ ਭੁਲੇਖਾ ਉੱਕਾ ਹੀ ਨਹੀਂ ਰਹਿੰਦਾ ਕਿ ਗਊ ਦੀ ਖੱਲ ਤੋਂ ਡਰ ਕੇ ਉਹਨਾਂ ਰਾਵੀ ਤੇ ਇਸ਼ਨਾਨ ਕਰਨ ਦੀ ਆਗਿਆ ਮੰਗੀ ਤੇ ਉਥੇ ਚੁਭਾ ਮਾਰ ਕੇ ਅਲੋਪ ਹੋ ਗਏ ।



www.AKJ.Org

# ਗੁਰੂ ਅਰਜਨ ਵਿਟਹੁ ਕੁਰਬਾਣੀ

[ਭਾਈ ਮਨਜੀਤ ਸਿੰਘ ਜੀ ਜ਼ੀਰਾ]

+ +

ਸ਼ਹੀਦਾਂ ਦੇ ਸਿਰਤਾਜ, ਕੁਰਬਾਣੀ ਦੇ ਮੋਢੀ, ਸ਼ਾਂਤੀ ਦੇ ਪੁੰਜ, ਗੁਰੂ ਨਾਨਕ ਦੀ ਪੰਜਵੀਂ ਜੋਤ, 'ਦੋਹਤਾ, ਬਾਣੀ ਕਾ ਬੋਹਿਥਾ' ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਰਬਤ ਦੇ ਭਲੇ ਲਈ ਸ਼ਹਾਦਤ ਦਾ ਜਾਮ ਪੀਤਾ।

ਹਿੰਦੁਸਤਾਨ ਵਿਚ ਉਸ ਵੇਲੇ ਮੁਗਲ ਖ਼ਾਨਦਾਨ ਰਾਜਸੀ ਸਤਾ ਸੰਭਾਲੀ ਬੈਠਾ ਸੀ। 'ਬਾਬੇ ਕੇ ਬਾਬਰ ਕੇ ਦੋਊ' ਅਨੁਸਾਰ ਬਾਬਾ ਗੁਰੂ ਨਾਨਕ ਦਾ ਘੋਲ, ਬਾਬਰ ਨਾਲ ਸੀ। ਉਸੇ ਬਾਬਰ ਦੀ ਵੰਸ ਵਿਚੋਂ ਹੁਣ ਜਹਾਂਗੀਰ (ਸੰਮਤ ੧੬੬੨) ਨੂੰ ਹਿੰਦੁਸਤਾਨ ਦਾ ਹੁਕਮਰਾਨ ਬਣਿਆ ਜੋ ਕਟੜ ਤੇ ਮਜ਼ਬੀ ਈਰਖਾ ਦਾ ਭਰਿਆ ਹੋਇਆ ਸੀ, ਦੂਜੇ ਤਖਤ ਦੀ ਪਰਾਪਤੀ ਲਈ ਮੁਸਲਮਾਨਾਂ ਦੀ ਸਹਾਇਤਾ ਲੈਣ ਵਾਸਤੇ ਉਸ ਨੇ ਉਨ੍ਹਾਂ ਨਾਲ ਇਕਰਾਰ ਕੀਤਾ ਸੀ ਕਿ ਮੈਂ ਸ਼ਰਾ ਉਪਰ ਚਲਾਂਗਾ ਅਤੇ ਦੀਨ ਦੀ ਰਖਿਆ ਤੇ ਤਰੱਕੀ ਕਰਾਂਗਾ।

ਗੁਰੂ ਅਰਜਨ ਦੇਵ ਜੀ ੨ ਅਸੂ ਸੰਮਤ ੧੬੩੮ ਨੂੰ ਗੁਰਗੱਦੀ ਤੇ ਬੈਠੇ। ਗੁਰੂ ਜੀ ਨੇ ਸਿਖੀ ਦੇ ਪਰਚਾਰ ਹਿਤ ਬੜੇ ਸੁਯੋਗ ਅਤੇ ਸਬਲ ਕਾਰਜ ਕੀਤੇ। ਕੁਝ ਕੁ ਉਨ੍ਹਾਂ ਕਾਰਜਾਂ ਦਾ ਵੇਰਵਾ ਇਸ ਪ੍ਰਕਾਰ ਹੈ :-

## ੧. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨੀ

ਹਰ ਗੁਰੂ ਸਾਹਿਬਾਨ ਆਪਣੀ ਬਾਣੀ ਆਪ ਲਿਖਦੇ ਸਨ। ਗੁਰੂ ਨਾਨਕ ਸਾਹਿਬ ਜੀ ਨੇ ਉਦਾਸੀਆਂ ਵਿਚ ਭਗਤ ਬਾਣੀ ਇਕੱਠੀ ਕੀਤੀ। ਹਰ ਗੁਰੂ ਸਾਹਿਬ ਆਪਣੀ ਰਚਨਾ, ਆਪਣੀ ਅਗਲੀ ਜੋਤ ਨੂੰ ਸੌਂਪਦੇ। ਇਹ ਸਾਰੀ ਬਾਣੀ ਗੁਰੂ ਅਰਜਨ ਦੇਵ ਜੀ ਕੋਲ ਪਹੁੰਚੀ। ਉਨ੍ਹਾਂ ਨੇ ਭਾਈ ਗੁਰਦਾਸ ਜੀ ਕੋਲੋਂ


www.AKJ.Org

ਰਾਗਾਂ ਦੀ ਤਰਤੀਬ, ਬਾਣੀ ਦੀ ਤਰਤੀਬ ਅਤੇ ਹਰ ਸਖਸ਼ੀਅਤ ਦੀ ਕਰਮਵਾਰ ਰਚਨਾ ਇਕੱਠੀ ਕਰਵਾਈ। ਉਸ ਦਾ ਪਰਕਾਸ਼, ਸ੍ਰੀ ਹਰਮੰਦਰ ਸਾਹਿਬ ਵਿਚ ਭਾਦੋਂ ਸੁਦੀ ੧ ਸੰਮਤ ੧੬੬੧ ਨੂੰ ਕੀਤਾ।

## ੨. ਦਸਵੰਧ ਦੀ ਪ੍ਰਥਾ

ਮਸੰਦ ਸਿਸਟਮ ਚਲਾ ਕੇ ਗੁਰੂ ਅਰਜਨ ਦੇਵ ਜੀ ਨੇ 'ਦਸਵੰਧ' ਦੇਣ ਦੀ ਰੀਤ ਚਲਾਈ ਜਿਸ ਨਾਲ ਧਰਮ ਕਾਰਜਾਂ ਤੇ ਲੋੜਵੰਦਾਂ ਨੂੰ ਰੋਟੀ ਕਪੜਾ ਦਿਤਾ ਜਾ ਸਕੇ।

## ੩. ਹਰਿ ਮੰਦਰ ਦੀ ਸਾਜਨਾ

ਬਿਦੇਸ਼ੀ ਯਾਤਰੂ ਜਿਸ ਦੇ ਬੈਰੂਨੀ ਨਕਸ਼ੇ ਨੂੰ ਵੇਖ ਕੇ ਅਚੰਭਾ ਹੁੰਦੇ ਹਨ। ਅਤੇ ਧਾਰਮਕ ਭਾਵਾਂ ਦੇ ਵਿਦਵਾਨ, ਸਤਿਗੁਰਾਂ ਦੇ ਇਸ ਉਤਮ ਕਾਰਜ ਦੀ ਸਲਾਹੁਤਾ ਕਰਦੇ ਅਤੇ ਦਰਸ਼ਨ ਕਰ ਕਰ ਗੱਦ ਗੱਦ ਹੋ ਉਠਦੇ ਹਨ।

ਸ਼ਾਇਦ ਸਾਰੇ ਸੰਸਾਰ ਵਿਚ ਇਹ ਇਕੋ ਇਕ ਪਹਿਲਾ ਅਸਥਾਨ ਹੈ ਜਿਥੇ ਮਨੁਖ ਮਾਤਰ ਨੂੰ ਉਪਾਸ਼ਨਾ ਕਰਨ ਦੀ ਖੁਲ੍ਹ ਹੈ। ਜਿਸ ਦੇ ਚਾਰ ਦਰਵਾਜ਼ੇ ਪ੍ਰਮੇਸ਼ਰ ਦੇ ਦੀਦਾਰਾਂ ਦੀ ਪ੍ਰਤੀਨਿਧਤਾ ਕਰਦੇ ਹਨ। ਇਹ ਸਚ ਹੈ, 'ਡਿਠੇ ਸਭੇ ਥਾਵ ਨਹੀ ਤੁਧ ਜੇਹਿਆ ॥' ਕਿਉਂਕਿ 'ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ।' ਹਰਿਮੰਦਰ ਸਾਹਿਬ ਜਦ ਤਿਆਰ ਹੋ ਰਿਹਾ ਸੀ ਤਾਂ ਪ੍ਰੇਮੀ ਸਿਖਾਂ ਨੇ ਸਤਿਗੁਰਾਂ ਪਾਸ ਇਛਾ ਪ੍ਰਗਟ ਕੀਤੀ ਕਿ ਸ਼ਹਿਰ ਦੀਆਂ ਦੂਹਰੀਆਂ ਇਮਾਰਤਾਂ ਨਾਲੋਂ ਹਰਿ ਮੰਦਰ ਸਾਹਿਬ ਉਚਾ ਹੋਣਾ ਚਾਹੀਦਾ ਹੈ ਕਿਉਂਕਿ ਇਹ ਰਬ ਦਾ ਘਰ ਹੈ। ਪਰੰਤੂ ਨਿੰਮਰਤਾ ਦੇ ਪੁੰਜ ਪੰਚਮ ਗੁਰੂ ਜੀ ਨੇ ਉਨ੍ਹਾਂ ਨੂੰ ਦਸਿਆ ਕਿ ਹਰਿ ਮੰਦਰ ਸਾਹਿਬ ਨੀਵਾਂ ਹੋਣਾ ਚਾਹੀਦਾ ਹੈ ਕਿਉਂਕਿ ਨੀਵਿਆਂ ਨੂੰ ਹੀ ਪ੍ਰਮਾਤਮਾ ਦੀ ਅਸ਼ੀਰਵਾਦ ਪਰਾਪਤ ਹੁੰਦੀ ਹੈ। ਹਮੇਸ਼ਾਂ ਸਿਰ ਪੈਰਾਂ ਉਤੇ ਝੁਕਦਾ ਹੈ।

ਤਰਨ ਤਾਰਨ ਅਤੇ ਕਰਤਾਰ ਪੁਰ ਸਾਹਿਬ ਦੇ ਸ਼ਹਿਰ ਗੁਰੂ ਅਰਜਨ ਦੇਵ ਜੀ ਦੀਆਂ ਯੋਜਨਾਵਾਂ ਨੂੰ ਸਦਾ ਤਾਜ਼ਾ ਰਖਦੇ ਹਨ। ਜਿਨ੍ਹਾਂ ਤੋਂ ਸਿਖ, ਦਰਸ਼ਨ, ਮੇਲਿਆਂ ਸਮੇਂ ਇਕ ਦੂਜੇ ਦੇ ਗੁਰਮਤ ਭਾਵਾਂ ਨੂੰ ਅਤੇ ਸਿਖੀ ਆਦਰਸ਼ ਨੂੰ ਪ੍ਰਚਾਰ ਰਾਹੀਂ ਸਮਝਣ ਦੇ ਨਾਲ ਨਾਲ ਆਪਣੀ ਕਿਰਤ ਵਿਰਤ ਕਰ ਕੇ ਜੀਵਨ ਨਿਰਬਾਹ ਕਰਦੇ ਹਨ।


www.AKJ.Org

# ੪. ਗੁਰੂ ਅਰਜਨ ਦੇਵ ਜੀ ਦੀ ਬਾਣੀ

ਆਪ ਸਹਸਕ੍ਰਿਤੀ (ਸੰਸਕ੍ਰਿਤ ਦਾ ਰੂਪ) ਫ਼ਾਰਸੀ, ਕੁਝ ਭਾਰਤੀ ਬੋਲੀਆਂ, ਬਰਿਜੀ, ਕੇਂਦਰੀ, ਪੰਜਾਬੀ ਤੇ ਪੰਜਾਬ ਦੀਆ ਕਈ ਉਪ ਬੋਲੀਆਂ ਜਿਵੇਂ ਦੁਆਬੀ ਤੇ ਮੁਲਤਾਨੀ ਵਿਚ ਬੜੇ ਸਹਿਜ ਤੇ ਸਰਲਤਾ ਨਾਲ ਕਾਵਿ ਰਚਨਾ ਕਰ ਸਕਦੇ ਸਨ। ਆਪ ਨੇ 'ਬਹੁ ਸ਼ਾਸਤਰ ਬਹੁ ਸਿਮਰਤੀ ਪੇਖੇ ਸਰਬ ਢਢੋਲਿ' ਦਾ ਦਾਹਵਾ ਕੀਤਾ। ਨਿਰਸੰਦੇਹ ਆਪ ਭਾਰਤੀ ਪੁਸਤਕਾਂ ਦੇ ਪੂਤਨ ਗਿਆਤਾ ਸਨ। ਸੋ ਵਿਸ਼ਾਲ ਅਧਿਐਨ ਨੇ ਆਪ ਦੀ ਪਰਾਤਤਾ ਨੂੰ ਚਮਕਾਇਆ। ਲੰਮੀਆਂ ਬਾਣੀਆਂ ਸੁਖਮਨੀ ਸਾਹਿਬ, ਬਾਵਨ ਅਖਰੀ, ਥਿਤੀ ਅਤੇ ਬਾਰਹਮਾਹ ਹਨ। ਆਪ ਜੀ ਦੀ ਬਾਣੀ ੩੦ ਰਾਗਾਂ ਵਿਚ ਹੈ। ਨਿਰੰਤਰ ੨੨ ਸਾਲ ਆਪ ਦੀ ਕਲਮ ਹਰਕਤ ਕਰਦੀ ਰਹੀ। ਸਭ ਗੁਰੂ ਸਾਹਿਬਾਨ ਵਿਚੋਂ ਆਪ ਜੀ ਦੀ ਬਾਣੀ ਜ਼ਿਆਦਾ ਹੈ। ਗੁਰੂ ਅਰਜਨ ਸਾਹਿਬ ਜੀ ਦੀ ਸਾਰੀ ਰਚਨਾ ਉਚੇ ਪਧਰ ਦੀ ਰਚਨਾ ਹੈ। ਜੋ ਹਰ ਪਖ ਤੋਂ ਭਲੀਪੂਰਨ ਹੈ।

ਇਨ੍ਹਾਂ ਤੇ ਇਸ ਤਰ੍ਹਾਂ ਦੇ ਹੋਰ ਕੰਮਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਹਕੂਮਤ ਦੀ ਅਖਾਂ ਦੇ ਸਾਹਮਣੇ ਲੈ ਆਂਦਾ। ਪ੍ਰਿਥੀਏ ਦੀ ਵਿਰੋਧਤਾ ਤੇ ਦੀਵਾਨ ਚੰਦੂ ਲਾਲ ਦੀ ਲੜਕੀ ਦਾ ਸਾਕ ਅਪ੍ਰਵਾਨ ਕਰਨ ਦੇ ਕਾਰਨ ਈਰਖਾ ਦੀ ਅਗਨੀ ਪ੍ਰਚੰਡ ਹੋ ਉਠੀ। ਜਿਸ ਦੇ ਸਿਟੇ ਵਜੋਂ ਪੰਚਮ ਗੁਰੂ ਜੀ ਨੂੰ ਜਾਮਿ-ਸ਼ਹਾਦਤ ਪੀਣਾ ਪਿਆ। ਜੈਸਾ ਕਿ ਬਾਦਸ਼ਾਹ ਜਹਾਂਗੀਰ ਨੇ ਆਪਣੀ ਕਲਮ ਨਾਲ ਆਪ ਤੁਜ਼ਕਿ ਜਹਾਂਗੀਰੀ ਵਿਚ ਲਿਖਿਆ ਹੈ, ਜਿਸ ਦਾ ਅਨੁਵਾਦ ਇਸ ਤਰ੍ਹਾਂ ਹੈ– 'ਗੋਇੰਦਵਾਲ ਵਿਚ ਜਿਹੜਾ ਕਿ ਬਿਆਸਾ ਦਰਿਆ ਦੇ ਕੰਢੇ ਉਤੇ ਹੈ, ਪੀਰਾਂ ਬਜ਼ੁਰਗਾਂ ਦੇ ਵੇਸ ਵਿਚ ਅਰਜਨ ਨਾਮ ਦਾ ਇਕ ਹਿੰਦੂ ਹੈ ਜਿਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ, ਸਗੋਂ ਮੂਰਖ ਤੇ ਬੇ-ਸਮਝ ਮੁਸਲਮਾਨਾਂ ਨੂੰ ਭੀ ਆਪਣੀ ਰਹਿਤ ਬਹਿਤ ਦਾ ਸ਼ਰਧਾਲੂ ਬਣਾ ਕੇ ਆਪਣੇ ਵਲੀ ਤੇ ਪੀਰ ਹੋਣ ਦਾ ਬਹੁਤ ਉੱਚਾ ਢੋਲ ਵਜਾਇਆ ਹੋਇਆ ਹੈ, ਉਹ ਉਸ ਨੂੰ ਗੁਰੂ ਆਖਦੇ ਹਨ। ਸਭਨਾਂ ਤਰਫਾਂ ਤੋਂ ਫ਼ਰੇਬੀ ਤੇ ਠਗੀ-ਪਸੰਦ ਲੋਕ ਉਸ ਦੇ ਪਾਸ ਆ ਕੇ ਉਸ ਉਤੇ ਆਪਣੀ ਪੂਰੀ ਸ਼ਰਧਾ ਪਰਗਟ ਕਰਦੇ ਹਨ। ਤਿੰਨ ਚਾਰ ਪੀੜੀਆਂ ਤੋਂ ਉਨ੍ਹਾਂ ਇਹ ਦੁਕਾਨ ਚਲ ਈ ਹੋਈ ਹੈ।

ਢੇਰ ਸਮੇਂ ਤੋਂ ਮੇਰੇ ਦਿਲ ਵਿਚ ਖਿਆਲ ਉਠ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ (ਗੁਰੂ) ਨੂੰ ਮੁਸਲਮਾਨੀ ਫਿਰਕੇ



www.AKJ.Org

ਵਿਚ ਲੈ ਆਉਣਾ ਚਾਹੀਦਾ ਹੈ ... ...

ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਏ ਤੇ ਮੈਂ ਉਸ ਦੇ ਘਰ ਘਾਟ ਤੇ ਬਚੇ ਮੁਰਤਜ਼ਾ ਖਾਂ ਦੇ ਹਵਾਲੇ ਕਰ ਦਿਤੇ ਅਤੇ ਉਸ ਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿਤਾ ਕਿ ਉਸ ਨੂੰ ਸਿਆਸਤ ਅਤੇ ਯਾਸਾ ਦੇ ਕਾਨੂੰਨ ਅਨੁਸਾਰ ਦੰਡ ਦੇਣ।

ਭਾਈ ਰਤਨ ਸਿੰਘ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦਾ ਹੈ —

"ਕੇ ਗੁਰੂ ਅਰਜਨ ਦਰੀਆਇ ਨ ਬੋੜਯੋ ?
ਕੇ ਗੁਰੂ ਤੇਗ ਬਹਾਦਰ ਸੀਸ ਨ ਤੋਰਯੋ ?
ਕੇ ਸਾਹਿਬਜ਼ਾਦੇ ਨਾਹਿ ਮਰਾਏ ?
ਸ਼ੀਰ ਖੋਰ ਤੇਹਿ ਨਾਹਿ ਕੁਹਾਏ ?

ਦਰਿਆ ਰਾਵੀ ਵਿਚ ਡੋਬਣ ਸਬੰਧੀ ਮੁਨਸ਼ੀ ਸੋਹਣ ਲਾਲ ਭੀ "ਉਮਦੁਹਤੁਤ ਤਵਾਰੀਖ" ਵਿਚ ਲਿਖਦਾ ਹੈ :-

"ਬਾਅਦ ਅਜ਼ ਜ਼ਹੂਰੇ ਬਾਅਜ਼ੇ ਮੁਕਦਮਾਤੇ ਨ ਮੁਲਾਯਮ ਜ਼ਾਤੇ ਆਲੀ। ਰਾ ਦਰ ਬਾਹਰੇ ਰਾਵੀ ਅਦਾਖ਼ਤਣ।"

ਉਲਥਾ:-"ਕੁਝ ਤਸੀਹੇ ਦੇਣ ਦੇ ਪਿਛੋਂ ਉਸ ਮਹਾਂਪੁਰਖ (ਗੁਰੂ) ਨੂੰ ਉਨ੍ਹਾਂ ਨੇ ਦਰਿਆ ਰਾਵੀ ਵਿਚ ਸੁਟਿਆ" ਇਹ ਸਾਕਾ ਜੇਠ ਸੁਦੀ ਚੌਥ ਸੰਮਤ ੧੬੬੩ ਨੂੰ ਹੋਇਆ। ਭਾਈ ਗੁਰਦਾਸ ਜੀ ਨੇ ਇਸ ਸ਼ਹੀਦੀ ਕਾਰਨਾਮੇ ਨੂੰ ਇਉਂ ਕਲਮਬੰਦ ਕੀਤਾ ਹੈ —

"ਰਹਿੰਦੇ ਗੁਰ ਦਰਿਆਉ ਵਿਚ, ਮੀਨ ਕੁਲੀਨ ਹੇਤ ਨਿਰਬਾਣੀ।
ਦਰਸ਼ਨ ਦੇਖ ਪਤੰਗ ਜਿਉ ਜੋਤੀ ਅੰਦਰ ਜੋਤਿ ਸਮਾਣੀ।
ਸ਼ਬਦ ਸੁਰਤ ਲਿਵ ਮ੍ਰਿਗ ਜਯੋਂ, ਭੀੜ ਪਈ ਚਿਤ ਅਵਰ ਨ ਆਣੀ।
ਚਰਨ ਕਵਲ ਮਿਲ ਭਵਰ ਜਯੋਂ, ਸੁਖ ਸੰਪਟ ਵਿਚ ਰੈਣ ਵਿਹਾਣੀ।
ਗੁਨ ਉਪਦੇਸ ਨ ਵਿਸਰੈ ਬੰਬੀਹੇ ਜਿਉਂ ਆਖ ਵਖਾਣੀ।
ਗੁਰਮੁਖ ਸੁਖ ਫਲ ਪਿਰਮ ਰਸ ਸਹਿਜ ਸਮਾਧ ਸਾਧ ਸੰਗ ਜਾਣੀ।
ਗੁਰ ਅਰਜਨ ਵਿਟਹੁ ਕੁਰਬਾਣੀ।

ਇਸ ਸ਼ਹਾਦਤ ਨੇ ਕੌਮ ਦੀ ਤਕਦੀਰ ਬਦਲ ਦਿਤੀ। ਸਿਖ ਧਰਮ ਹੇਤ ਸੀਸ ਦੇਣ ਲਗੇ। ਚਰਖੜੀ ਤੇ ਚੜੇ, ਬੰਦ ਬੰਦ ਕਟਵਾਏ, ਪਰ ਕਹਿੰਦੇ ਸਨ "ਤੇਰਾ ਕੀਆ ਮੀਠਾ ਲਾਗੇ।"

†



www.AKJ.Org

## ਪੰਚਮ ਸਤਿਗੁਰੂ ਜੀ ਦੀ ਅਦੁਤੀ ਦੇਣ

# ਆਦਿ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ

[ਸ੍ਰ: ਪ੍ਰਕਾਸ਼ ਸਿੰਘ ਜੀ ਐਮ. ਏ.]

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ, 'ਬਾਣੀ ਦੇ ਬੋਹਿਥ' ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਸਾਰ ਤੇ ਜੋ ਪਰਉਪਕਾਰ ਕੀਤੇ ਹਨ ਉਨ੍ਹਾਂ ਵਿਚੋਂ ਇਕ ਮਹਾਨ ਪਰਉਪਕਾਰ ਹੈ ਬਾਣੀ ਨੂੰ ਇਕੱਠਿਆਂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨਾ। ਇਹ ਆਪ ਦੀ ਇਕ ਜੁਗੋ ਜੁਗ ਅਟਲ ਯਾਦਗਾਰ ਹੈ। ਸਿਖ ਪੰਥ ਦੀ ਇਹ ਧਰਮ-ਪੁਸਤਕ ਮਨੁਖਤਾ ਨੂੰ ਇਕ ਵਡੀ ਦੇਣ ਹੈ। ਸਿਖ ਪੰਥ ਦੀ ਜਥੇਬੰਦੀ ਤੇ ਕੌਮੀ ਜੀਵਨ ਦੀ ਉਸਾਰੀ ਇਸੇ ਆਸਰੇ ਹੈ। ਇਹ ਸਿਖੀ ਜੀਵਨ ਤੇ ਆਚਰਣ ਦਾ ਧੁਰਾ ਹੈ। ਇਹ ਸਮੁਚੇ ਸੰਸਾਰ ਲਈ ਆਤਮਕ ਗਿਆਨ ਦਾ ਪ੍ਰਕਾਸ਼ ਹੈ। ਸਚ, ਨੇਕੀ, ਸੇਵਾ, ਪਰਉਪਕਾਰ ਆਦਿ ਗੁਣਾਂ ਦੇ ਪਰਚਾਰ ਦਾ ਵਡਾ ਸਾਧਨ ਹੈ। ਆਤਮਕ ਸ਼ਾਂਤੀ ਲਈ ਅੰਮ੍ਰਿਤ ਦਾ ਅਮੁਕ ਸੋਮਾ ਹੈ।

ਬਾਣੀ ਨੂੰ ਇਕੱਠਿਆਂ ਕਰਕੇ ਬੀੜ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕਰਨ ਦਾ ਮਾਣ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਹੀ ਪ੍ਰਾਪਤ ਹੋਇਆ ਹੈ।

## ਇਕ ਨਵੀਂ ਧਰਮ-ਪੁਸਤਕ ਦੀ ਲੋੜ

ਉਸ ਵੇਲੇ ਅਗਿਆਨ ਦੇ ਹਨੇਰੇ ਵਿਚ ਭਟਕ ਰਹੀ ਲੁਕਾਈ ਲਈ ਇਕ ਅਜੇਹੀ ਧਰਮ-ਪੁਸਤਕ ਦੀ ਲੋੜ ਸੀ ਜਿਸ ਨਾਲ ਮਨ ਦੀ ਸ਼ਾਂਤੀ ਆਤਮਕ ਉੱਨਤੀ



www.AKJ.Org

ਤੇ ਅਧਿਆਤਮਕ ਤ੍ਰਿਪਤੀ ਪ੍ਰਾਪਤ ਹੋ ਸਕੇ। ਧਰਮ-ਪੁਸਤਕਾਂ ਤਾਂ ਪਹਿਲਾਂ ਭੀ ਸਨ। ਵੇਦ, ਸ਼ਾਸਤਰ ਤੇ ਸਿਮਰਤੀਆਂ ਸਨ, ਕੁਰਾਨ ਸੀ, ਅੰਜੀਲ ਸੀ, ਪਰ ਸਾਰੇ ਲੋਕ ਸਾਂਝੇ ਤੌਰ ਤੇ ਉਨ੍ਹਾਂ ਨੂੰ ਅਪਣਾਅ ਨਹੀਂ ਸਨ ਸਕਦੇ। ਇਨ੍ਹਾਂ ਧਰਮ ਪੁਸਤਕਾਂ ਵਿਚ ਆਮ ਲੋਕਾਂ ਵਿਚੋਂ ਉਠੇ ਭਗਤਾਂ ਤੇ ਫ਼ਕੀਰਾਂ ਦੀ ਮਨੋਹਰ ਬਾਣੀ ਤੇ ਕਲਾਮ ਨਹੀਂ ਸੀ। ਨਾਲੇ ਸਾਰੇ ਲੋਕਾਂ ਨੂੰ ਉਨ੍ਹਾਂ ਦੇ ਪਾਠ ਕਰਨ ਜਾਂ ਸੁਨਣ ਦੀ ਆਗਿਆ ਵੀ ਤਾਂ ਨਹੀਂ ਸੀ।

ਗੁਰੂ ਸਾਹਿਬ ਨੇ ਆਦਿ ਗ੍ਰੰਥ ਦੇ ਰੂਪ ਵਿਚ ਲੋਕਾਂ ਨੂੰ ਪਹਿਲੀ ਵਾਰ ਅਜੇਹੀ ਧਰਮ-ਪੁਸਤਕ ਦਿਤੀ ਜੋ ਲੋਕਾਂ ਦੀ ਆਪਣੀ ਕਹੀ ਜਾ ਸਕਦੀ ਸੀ। ਜੋ ਨਿੱਤ-ਵਰਤੋਂ ਦੀ ਸੌਖੀ ਬੋਲੀ ਵਿਚ ਲਿਖੀ ਗਈ ਸੀ। ਜਿਸ ਵਿਚ ਸਰਬ-ਸਾਂਝੇ ਧਰਮ ਦਾ ਉਪਦੇਸ਼ ਦਿੱਤਾ ਗਿਆ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੋ ਚੀਜ਼ਾਂ ਮੁਖ ਰਖੀਆਂ ਸਨ-ਗੁਰਬਾਣੀ ਅਤੇ ਸੰਗਤ। ਅਚਲ ਵਟਾਲੇ ਵਿਚ ਜਦ ਸਿੱਧਾਂ ਨੇ ਗੁਰੂ ਜੀ ਨੂੰ ਕਰਾਮਾਤ ਵਿਖਾਉਣ ਲਈ ਕਿਹਾ, ਤਾਂ ਆਪ ਨੇ ਉਤਰ ਦਿਤਾ :-

ਗੁਰ ਸੰਗਤ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ।

(ਵਾਰ ਭਾਈ ਗੁਰਦਾਸ ੧-੪੨)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਜੀਵਨ ਵਿਚ ਉਪਰੋਕਤ ਦੋਹਾਂ ਗਲਾਂ ਨੂੰ ਬਹੁਤ ਮਹਾਨਤਾ ਦਿਤੀ ਹੈ। ਆਪ ਨੇ ਗੁਰਬਾਣੀ ਦਾ ਸੰਗ੍ਰਹਿ ਕਰਕੇ ਉਸ ਨੂੰ ਗੁਰੂ ਗ੍ਰੰਥ ਸਾਹਿਬ ਦਾ ਰੂਪ ਹੀ ਨਹੀਂ ਦਿਤਾ ਸਗੋਂ ਉਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕਰਕੇ ਆਪਣੇ ਨਾਲੋਂ ਉੱਚੀ ਥਾਂ ਦਿਤੀ।

ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਾਂ ਦੀ ਤੇ ਆਪਣੀ ਬਾਣੀ ਤੋਂ ਛੁਟ ਕਈ ਹਿੰਦੂ ਮੁਸਲਮਾਨ ਭਗਤਾਂ ਤੇ ਫ਼ਕੀਰਾਂ ਦੀ ਬਾਣੀ ਨੂੰ ਵੀ ਬਰਾਬਰ ਦਾ ਦਰਜਾ ਦਿਤਾ। ਭਿੰਨ ਭਿੰਨ ਮੱਤਾਂ, ਵਖ ਵਖ ਪ੍ਰਾਂਤਾਂ ਤੇ ਅਲਗ ਅਲਗ ਕਿੱਤਿਆਂ ਨਾਲ ਸੰਬੰਧਤ ਭਗਤਾਂ ਤੇ ਫ਼ਕੀਰਾਂ ਨੂੰ ਇਕੋ ਲੜੀ ਵਿਚ ਪਰੋ ਕੇ ਰਖ ਦਿਤਾ। ਬਾਬਾ ਫ਼ਰੀਦ ਜੀ ਨਮਾਜ਼ੀ ਸਨ, ਭਗਤ ਧੰਨਾ ਜੀ ਮੂਰਤੀ ਪੂਜ ਤੇ ਕਬੀਰ ਜੀ ਵੈਸ਼ਨਵ ਸਨ। ਇਸੇ ਤਰ੍ਹਾਂ ਬੰਗਾਲ ਦੇ ਜੈ ਦੇਵ, ਗੁਜਰਾਤ ਦੇ ਤਰਲੋਚਨ ਤੇ ਬਿਹਾਰ ਦੇ ਬੇਣੀ ਆਦਿ ਵਖ ਵਖ ਪ੍ਰਾਂਤਾਂ ਨਾਲ ਸੰਬੰਧਤ ਸਨ। ਕਈ ਭਗਤ ਨੀਵੀਆਂ ਜਾਤਾਂ ਦੇ ਸਮਝੇ ਜਾਂਦੇ ਸਨ। ਉਹ ਜਿਨ੍ਹਾਂ ਨੂੰ ਕਿ ਹਿੰਦੂ ਧਰਮ ਅਸਥਾਨਾਂ ਵਿਚ ਜਾਣ ਦੀ ਆਗਿਆ ਨਹੀਂ ਸੀ, ਉਨ੍ਹਾਂ ਨੂੰ ਆਪਣੇ ਧਰਮ-ਗ੍ਰੰਥ ਵਿਚ ਥਾਂ ਹੀ ਨਹੀਂ ਦਿਤੀ ਸਗੋਂ ਸਿਖਾਂ ਨੂੰ ਉਨ੍ਹਾਂ ਦੀ ਬਾਣੀ ਦਾ ਉਤਨਾ ਹੀ ਆਦਰ ਤੇ ਸਤਿਕਾਰ ਕਰਨ ਲਈ ਪਰੇਰਨਾ ਕੀਤੀ ਜਿਤਨਾ ਕਿ ਗੁਰੂ



www.AKJ.Org

ਨਾਨਕ ਦੇਵ ਜਾਂ ਕਿਸੇ ਹੋਰ ਗੁਰੂ ਜੀ ਦੀ ਬਾਣੀ ਲਈ। ਇਸ ਤਰ੍ਹਾਂ ਦੁਨੀਆ ਦਾ ਧਾਰਮਕ ਇਤਿਹਾਸ ਵਿਚ ਜਾਤ ਪਾਤ, ਛੂਤ ਛਾਤ, ਊਚ ਨੀਚ ਦੇ ਭੇਦ ਮਿਟਾ ਕੇ ਗੁਰੂ ਨਾਨਕ ਦੇਵ ਦੇ ਇਸ ਕਥਨ ਨੂੰ ਅਸਲੀ ਰੂਪ ਦੇ ਦਿਤਾ –

'ਨੀਚਾ ਅੰਦਰ ਨੀਚ ਜਾਤਿ, ਨੀਚੀ ਹੂ ਅਤਿ ਨੀਚੁ।
ਨਾਨਕ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ।
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ।'

(ਸਿਰੀ ਰਾਗੁ ਮਹਲਾ ੧)

## ਸਰਬ ਸਾਂਝੀਵਾਲਤਾ ਦਾ ਨਿਸ਼ਾਨ

ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਬਾਣੀ ਦਾ ਸੰਗ੍ਰਹਿ ਸਮੁਚੇ ਭਾਰਤ ਦੀ ਭਗਤੀ ਤੇ ਗਿਆਨ ਧਾਰਾ ਦਾ ਸੰਗਮ ਹੈ। ਇਹ ਸਰਬ ਸਾਂਝੀਵਾਲਤਾ ਦਾ ਇਕ ਅਟਲ ਨਿਸ਼ਾਨ ਤੇ ਸੁਚੱਜਾ ਪਰਗਟਾ ਹੈ। ਇਸਨੂੰ ਹਰ ਕੋਈ ਆਪਣਾ ਕਹਿ ਸਕਦਾ ਹੈ। ਇਸ ਨੂੰ ਪੜ੍ਹਨ ਸੁਨਣ ਦਾ ਅਧਿਕਾਰ ਹਰ ਪ੍ਰਾਣੀ ਮਾਤ੍ਰ ਨੂੰ ਹੈ। ਇਹ ਸੱਚੇ ਅਰਥਾਂ ਤੇ ਅਮਲੀ ਰੂਪ ਵਿਚ ਇਕ ਰਾਸ਼ਟਰੀ ਗ੍ਰੰਥ ਹੈ, ਜਿਸ ਤੇ ਹਰ ਭਾਰਤੀ ਮਾਣ ਕਰ ਸਕਦਾ ਹੈ। ਇਹ ਈਸ਼ਵਰ ਭਗਤੀ ਤੇ ਪ੍ਰੇਮ ਦਾ ਸੋਮਾ ਹੈ, ਰੱਬੀ ਗਿਆਨ ਤੇ ਅਧਿਆਤਮਕ ਉਪਦੇਸ਼ਾਂ ਦਾ ਖਜ਼ਾਨਾ ਹੈ। ਆਤਮਾ ਤੇ ਪਰਮਾਤਮਾ ਦੇ ਮੇਲ ਲਈ ਸਾਧਕ ਹੈ। ਸਿਖਿਆ ਦਾਇਕ ਤੇ ਸੰਗੀਤ ਮਈ ਕਵਿਤਾ ਦਾ ਭੰਡਾਰ ਹੈ। ਗੁਰੂ ਅਰਜਨ ਦੇਵ ਜੀ ਦੇ ਆਪਣੇ ਸ਼ਬਦਾਂ ਵਿਚ ਗੁਰੂ ਗ੍ਰੰਥ ਸਾਹਿਬ ਇਕ ਪ੍ਰੋਸਿਆ ਹੋਇਆ ਥਾਲ ਹੈ ਤੇ ਇਸ –

'ਥਾਲ ਵਿਚਿ ਤਿਨਿ ਵਸਤੂ ਪਈਓ, ਸਤੁ ਸੰਤੋਖੁ ਵੀਚਾਰੋ।
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ, ਜਿਸ ਕਾ ਸਭਸੁ ਅਧਾਰੋ।
ਜੇ ਕੋ ਖਾਵੈ ਜੇ ਕੋ ਭੁੰਚੈ, ਤਿਸਕਾ ਹੋਇ ਉਧਾਰੋ।
ਏਹ ਵਸਤੁ ਤਜੀ ਨਹ ਜਾਈ, ਨਿਤ ਨਿਤ ਰਖੁ ਉਰਿਧਾਰੋ।

(ਮੁਦਾਵਣੀ ਮਹਲਾ ੫)

ਗੁਰੂ ਸਾਹਿਬ ਫਰਮਾਉਂਦੇ ਹਨ : 'ਅਸਾਂ ਇਸ ਸੰਗ੍ਰਹਿ ਨੂੰ ਇਕ ਥਾਲ ਵਾਂਗ ਪ੍ਰੋਸਿਆ ਹੈ, ਜਿਸ ਵਿਚ ਸਚਿਆਈ, ਮਨ ਨੂੰ ਸੰਤੁਸ਼ਟ ਕਰਨ ਵਾਲੀ ਤੇ ਸੋਚ ਵਿਚਾਰ ਨੂੰ ਟੁੰਬਣ ਵਾਲੀ ਬਾਣੀ ਰਖੀ ਹੈ। ਇਨ੍ਹਾਂ ਤਿੰਨਾਂ ਵਸਤਾਂ ਨੂੰ ਜੋੜਨ ਵਾਲਾ 'ਹਰੀ ਦਾ ਨਾਮ' ਹੈ। ਜਿਹੜਾ ਵੀ ਇਸ ਨੂੰ ਭੋਗ ਲਾਏਗਾ ਉਸ ਦਾ ਨਿਸਤਾਰਾ ਹੋਏਗਾ। ਜੋ ਇਹ ਅਮੁੱਲੀ ਵਸਤੂ ਤਿਆਰ ਕੀਤੀ ਗਈ ਹੈ ਉਸ


www.AKJ.Org

ਤੋਂ ਬਿਨਾਂ ਮਨੁਖ ਦਾ ਗੁਜ਼ਾਰਾ ਨਹੀਂ ਹੋਵੇਗਾ । ਰੋਟੀ ਪਾਣੀ ਬਿਨਾਂ ਜੀਅ ਸਕੋਗੇ ਪਰ ਇਸ ਆਤਮ ਖੁਰਾਕ ਬਿਨਾਂ ਮਰ ਜਾਓਗੇ । ਇਸ ਲਈ ਹਦਾਇਤ ਕਰਦੇ ਹਨ ਕਿ ਇਸ ਬਾਣੀ ਨੂੰ ਹਿਰਦੇ ਵਿਚ ਨਿਤ ਨਿਤ ਧਾਰ ਕੇ ਰਖੋ।

ਸੂਰਜ ਪ੍ਰਕਾਸ਼ ਵਿਚ ਜ਼ਿਕਰ ਹੈ ਕਿ ਗੁਰੂ ਜੀ ਦਾ ਹੁਕਮ ਸੀ ਕਿ ਇਸ ਗ੍ਰੰਥ ਦੇ ਉਲਥੇ ਦੇਸ਼ ਦੇਸ਼ਾਂਤਰਾਂ ਦੀਆਂ ਬੋਲੀਆਂ ਵਿਚ ਹੋ ਕੇ ਸਾਰੇ ਸੰਸਾਰ ਵਿਚ ਇਸ ਤਰ੍ਹਾਂ ਫੈਲ ਜਾਣਗੇ ਜਿਸ ਤਰ੍ਹਾਂ ਪਾਣੀ ਉਤੇਂ ਤੇਲ ਫੈਲ ਜਾਂਦਾ ਹੈ।

## ਬਾਣੀ ਦੀ ਸੰਭਾਲ ਦਾ ਕੰਮ

ਅਜ ਤਕ ਕੋਈ ਧਾਰਮਕ ਆਗੂ-ਅਵਤਾਰ, ਪੈਗੰਬਰ – ਸਰੀਰਕ ਤੌਰ ਤੇ ਸਦਾ ਲਈ ਆਪਣੇ ਪੈਰੋਕਾਰਾਂ ਨਾਲ ਨਹੀਂ ਰਹਿ ਸਕੇ। ਉਨ੍ਹਾਂ ਪਿਛੋਂ ਉਨ੍ਹਾਂ ਦੇ ਮਤ ਜਾਂ ਮਜ਼੍ਹਬ ਦੇ ਅਸੂਲਾਂ ਵਿਚ ਮਿਲਾਵਟ ਤੇ ਗਿਰਾਵਟ ਆ ਜਾਂਦੀ ਰਹੀ। ਗੁਰੂ ਜੀ ਨੇ ਇਸ ਤੋਂ ਬਚਣ ਲਈ ਬਹੁਤ ਹੀ ਸੁੰਦਰ ਹਲ ਲਭਿਆ । ਉਹ ਸੀ ਧਾਰਮਕ ਲੀਡਰ ਸ਼ਿਪ ਨੂੰ ਗੁਰੂ ਗ੍ਰੰਥ ਤੇ ਪੰਥ ਵਿਚ ਬਦਲਣਾ। ਇਹ ਕੰਮ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੂਰਨ ਕੀਤਾ ਪਰ ਇਸ ਦਾ ਅਰੰਭ ਗੁਰੂ ਨਾਨਕ ਦੇਵ ਜੀ ਤੋਂ ਹੀ ਹੋ ਗਿਆ ਸੀ। ਗੁਰੂ ਗ੍ਰੰਥ ਦੀ ਸੰਪਾਦਨਾ ਭਾਵੇਂ ਵਧੇਰੇ ਕਰਕੇ ਪਰਮਾਣੀਕ ਰੂਪ ਵਿਚ ਗੁਰੂ ਅਰਜਨ ਦੇਵ ਜੀ ਵੇਲੇ ਹੋਈ ਪਰ ਇਹ ਕੰਮ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਅਰੰਭ ਹੋ ਚੁਕਾ ਸੀ। ਬਾਣੀ ਨੂੰ ਸੰਗ੍ਰਹਿ ਕਰਨ ਦਾ ਖਿਆਲ ਨਵਾਂ ਨਹੀਂ ਸੀ। ਆਦਿ ਗੁਰੂ ਜੀ ਤੋਂ ਹੀ ਇਹ ਕੰਮ ਸ਼ੁਰੂ ਹੋਇਆ ਸੀ। ਉਹ ਜਿਥੇ ਜਾਂਦੇ ਸਨ, ਆਪਣੀ ਬਾਣੀ ਦਾ ਸੰਗ੍ਰਹਿ ਨਾਲ ਰਖਦੇ ਸਨ ਅਤੇ ਥਾਂ ਥਾਂ ਜਾ ਕੇ ਭਗਤਾਂ ਅਤੇ ਫ਼ਕੀਰਾਂ ਦੀ ਬਾਣੀ ਇਕੱਤ੍ਰ ਕਰਦੇ ਸਨ। ਗੁਰੂ ਨਾਨਕ ਦੇਵ ਜੀ ਆਪਣੇ ਉਪਰੰਤ ਇਹ ਬਾਣੀ ਆਪਣੇ ਜਾਨਸ਼ੀਨ ਗੁਰੂ ਅੰਗਦ ਦੇਵ ਜੀ ਨੂੰ ਦੇ ਗਏ ਸਨ। ਗੁਰੂ ਅੰਗਦ ਦੇਵ ਜੀ ਨੇ ਆਪਣੀ ਬਾਣੀ ਅਤੇ ਗੁਰੂ ਨਾਨਕ ਸਾਹਿਬ ਵਲੋਂ ਪ੍ਰਾਪਤ ਹੋਈ ਬਾਣੀ ਤੀਜੇ ਪਾਤਸ਼ਾਹ ਨੂੰ ਗੱਦੀ ਦੇਣ ਸਮੇਂ ਸੌਂਪ ਦਿਤੀ।

ਗੁਰੂ ਅਮਰ ਦਾਸ ਜੀ ਤੋਂ ਉਨ੍ਹਾਂ ਤੋਂ ਪਹਿਲੇ ਆਏ ਗੁਰੂ ਸਾਹਿਬਾਂ ਦੀ ਬਾਣੀ ਉਨ੍ਹਾਂ ਦੇ ਪੋਤਰੇ ਬਾਬਾ ਮੋਹਨ ਜੀ ਦੇ ਸਪੁਤ੍ਰ ਬਾਬਾ ਸਹੰਸਰ ਰਾਮ ਜੀ ਨੇ ਇਕੱਤਰ ਕੀਤੀ। ਗੁਰੂ ਅਮਰ ਦਾਸ ਜੀ ਨੇ ਆਪ ਵੀ ਉਨ੍ਹਾਂ ਭਗਤਾਂ ਦੀ ਬਾਣੀ ਇਕੱਤਰ ਕੀਤੀ ਜਿਨ੍ਹਾਂ ਨਾਲ ਉਨ੍ਹਾਂ ਦਾ ਵਾਹ ਆਪਣੇ ਵੈਸ਼ਨਵ ਹੋਣ ਸਮੇਂ ਪਿਆ ਸੀ।



www.AKJ.Org

ਬਾਬਾਂ ਸਹੰਸਰ ਰਾਮ ਜੀ ਵਲੋਂ ਇਕੱਤਰ ਕੀਤੀ ਗਈ ਬਾਣੀ ਦੀਆਂ ਸੈਂਚੀਆਂ ਦੋ ਜਿਲਦਾਂ ਵਿਚ ਹਨ । ਮੁਦਤਾਂ ਤਕ ਇਹ ਬਾਬਾ ਮੋਹਨ ਜੀ ਦੀ ਸੰਤਾਨ ਕੋਲ ਰਹੀਆਂ । ੧੯੨੪ ਵਿਚ ਇਨ੍ਹਾਂ ਵਿਚੋਂ ਇਕ ਜਿਲਦ ਬਾਬਾ ਮੇਲਾ ਸਿੰਘ ਭਲਾ ਅਹੀਆਪੁਰ ਜ਼ਿਲਾ ਹੁਸ਼ਿਆਰਪੁਰ ਵਿਚ ਲੈ ਗਏ ਅਤੇ ਦੂਜੀ ਬਾਬਾ ਭਗਤ ਸਿੰਘ ਫਰੰਟੀਅਰ ਵਾਲੇ ਲੈ ਗਏ । ਇਹ ਦੋਵੇਂ ਜਿਲਦਾਂ ਹੁਣ ਬਾਬਾ ਭਗਤ ਸਿੰਘ ਪਾਸ ਪਟਿਆਲੇ ਵਿਚ ਮੌਜੂਦ ਹਨ ।

ਗੁਰੂ ਅਰਜਨ ਦੇਵ ਜੀ ਇਹਨਾਂ ਸੈਂਚੀਆਂ ਨੂੰ ਲੈਣ ਵਾਸਤੇ ਆਪ ਗੋਇੰਦਵਾਲ ਗਏ । ਬੜੀ ਮੁਸ਼ਕਲ ਤੇ ਕਾਫ਼ੀ ਪ੍ਰੇਰਨਾ ਨਾਲ ਬਾਬਾ ਮੋਹਨ ਜੀ ਤੋਂ ਇਹ ਸੈਂਚੀਆਂ ਲੈ ਸਕੇ । ਫਿਰ ਆਪ ਇਨ੍ਹਾਂ ਸੈਂਚੀਆਂ ਨੂੰ ਇਕ ਪਾਲਕੀ ਵਿਚ ਰਖ ਕੇ ਬੜੇ ਅਦਬ ਨਾਲ ਨੰਗੇ ਪੈਰੀਂ ਅੰਮ੍ਰਿਤਸਰ ਲਿਆਏ ।

ਗਇੰਦਵਾਲ ਤੋਂ ਪਰਤਦਿਆਂ ਗੁਰੂ ਜੀ ਕੁਝ ਚਿਰ ਖਡੂਰ ਠਹਿਰੇ ਅਤੇ ਗੁਰੂ ਅੰਗਦ ਦੇਵ ਜੀ ਦੇ ਵਡੇ ਸਪੁਤ੍ਰ ਬਾਬਾ ਦਾਤੂ ਜੀ ਪਾਸ ਜਾ ਕੇ ਬੇਨਤੀ ਕੀਤੀ ਉਨ੍ਹਾਂ ਪਾਸ ਗੁਰੂਆਂ ਦੀ ਕੋਈ ਬਾਣੀ ਹੋਵੇ ਤਾਂ ਦੇਣ । ਦਾਤੂ ਜੀ ਨੇ ਇਕ ਕਮਰੇ ਵਿਚ ਰਖੇ ਹੋਏ ਕੁਝ ਕਾਗਜ ਦਿਖਾਕੇ ਕਿਹਾ ਕਿ ਇਹਨਾਂ ਨੂੰ ਵੇਖੋ । ਇਨ੍ਹਾਂ ਵਿਚੋਂ ਕਿਹੜੀ ਚੀਜ਼ ਤੁਹਾਡੇ ਕੰਮ ਦੀ ਹੈ । ਗੁਰੂ ਅਰਜਨ ਦੇਵ ਜੀ ਨੇ ਕੁਝ ਮਸਾਲਾ ਉਥੋਂ ਲਿਆ ।

ਪਰ ਚੂੰਕਿ ਗੁਰੂ ਅਰਜਨ ਦੇਵ ਜੀ ਦੇ ਰਚੇ ਹੋਏ ਗ੍ਰੰਥ ਵਿਚ ਆਈ ਸਾਰੀ ਬਾਣੀ ਇਸ ਤੋਂ ਬਹੁਤ ਵਧੇਰੇ ਹੈ, ਇਸ ਵਾਸਤੇ ਕਹਿਣਾ ਪੈਂਦਾ ਹੈ ਕਿ ਗੁਰੂ ਜੀ ਨੇ ਬਾਣੀ ਕਈ ਹੋਰ ਸੋਮਿਆਂ ਤੋਂ ਵੀ ਇਕੱਠੀ ਕੀਤੀ ।

ਜਿਥੇ ਆਪ ਨੇ ਕਈ ਭਗਤਾਂ ਤੇ ਫ਼ਕੀਰਾਂ ਦੀ ਬਾਣੀ ਆਪ ਇਕੱਤਰ ਕਰਕੇ ਬੀੜ ਵਿਚ ਚੜ੍ਹਾਈ ਉਥੇ ਕੁਝ ਕੁ ਉਘੇ ਭਗਤਾਂ ਤੇ ਫ਼ਕੀਰਾਂ ਦੀ ਬਾਣੀ ਪ੍ਰਵਾਨ ਨਹੀਂ ਕੀਤੀ । ਜਿਵੇਂ ਕਿ ਛਜੂ, ਕਾਹਨਾ, ਸ਼ਾਹ ਹੁਸੈਨ, ਪੀਲੋ ਆਦਿ । ਇਨ੍ਹਾਂ ਵਿਚੋਂ ਕੁਝ ਇਕ ਦੀ ਬਾਣੀ ਇਸ ਲਈ ਪ੍ਰਵਾਨ ਨਾ ਹੋਈ ਕਿਉਂਕਿ ਉਹ ਵੇਦਾਂਤ ਵਲ ਝੁਕਾ ਰਖਦੇ ਸਨ । ਕੁਝ ਇਕ ਦੀ ਇਸ ਲਈ ਕਿ ਉਹ ਸੰਸਾਰ ਵਲੋਂ ਉਪਰਾਮਤਾ ਪਰਗਟ ਕਰਦੇ ਸਨ ਅਤੇ ਕੁਝ ਇਕ ਇਸਤ੍ਰੀ ਜਾਤੀ ਲਈ ਘਿਰਣਾ ਜ਼ਾਹਿਰ ਕਰਦੇ ਸਨ । ਗੁਰੂ ਸਾਹਿਬ ਅਜੇਹੀ ਰਚਨਾ ਚਾਹੁੰਦੇ ਸਨ ਜੋ ਨਰੋਈ ਹੋਵੇ, ਉਦਮ ਦੇ ਕੇ ਚੜ੍ਹਦੀ ਕਲਾ ਵਿਚ ਲਿਜਾਏ ਅਤੇ ਸੰਸਾਰਕ ਜ਼ਿਮੇਵਾਰੀਆਂ ਤੇ ਫ਼ਰਜ਼ਾਂ ਨੂੰ ਨਿਬਾਹੁਣ ਦੀ ਪਰੇਰਨਾ ਦੇਵੇ । ਗ੍ਰਹਸਤ ਧਰਮ ਵਿਚ ਰਹਿੰਦਿਆਂ, ਜੀਵਨ ਸਫ਼ਲ ਕਰਨ ਲਈ ਅਗਵਾਈ ਦੇਵੇ ।



www.AKJ.Org

# ਆਦਿ ਗ੍ਰੰਥ ਦੀ ਸੰਪਾਦਨਾ

ਇਕੱਤਰ ਕੀਤੀਆਂ ਸਾਰੀਆਂ ਸੈਂਚੀਆਂ ਤੇ ਹੋਰ ਮਸਾਲੇ ਨੂੰ ਲੈ ਕੇ ਗੁਰੂ ਅਰਜਨ ਦੇਵ ਜੀ ਇਕ ਰਮਣੀਕ ਅਤੇ ਇਕਾਂਤ ਅਸਥਾਨ ਤੇ ਜਿਥੇ ਅਜ ਕਲ ਰਾਮਸਰੋ–ਅੰਮ੍ਰਿਤਸਰ ਦੇ ਦਖਣ-ਪੂਰਬ ਵਲ – ਟਿਕਾਣਾ ਕਰਕੇ ਆਦਿ ਗ੍ਰੰਥ ਦਾ ਸੰਪਾਦਨ ਸ਼ੁਰੂ ਕੀਤਾ । ਅਤੇ ਆਦਿ ਗ੍ਰੰਥ ਸਾਹਿਬ ਦੇ ਲਿਖਣ ਦਾ ਕੰਮ ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਸੌਂਪਿਆ ਜੋ ਕਿ ਸੰਸਕ੍ਰਿਤ, ਹਿੰਦੀ, ਬਰਿਜ ਭਾਸ਼ਾ, ਫ਼ਾਰਸੀ ਤੇ ਪੰਜਾਬੀ ਦੇ ਮਹਾਂ ਵਿਦਵਾਨ ਸਨ । ਭਾਈ ਗੁਰਦਾਸ ਜੀ ਗੁਰੂ ਜੀ ਦੀ ਹਿਦਾਇਤ ਮੁਤਾਬਕ ਲਿਖਦੇ ਸਨ। ਤਿਆਰ ਕੀਤੀ ਹੋਈ ਪੋਥੀ ਜੋ ਅਜ ਕਲ ਕਰਤਾਰਪੁਰ (ਜਲੰਧਰ) ਵਿਚ ਮੌਜੂਦ ਹੈ ਵਿਚ ਕਈ ਥਾਈਂ ਗੁਰੂ ਜੀ ਵਲੋਂ ਹਦਾਇਤਾਂ (ਜਿਵੇਂ ਸੁਧ ਕੀਚੇ) ਅਤੇ ਭਾਈ ਗੁਰਦਾਸ ਜੀ ਵਲੋਂ ਉਨ੍ਹਾਂ ਤੇ ਅਮਲ ਤੇ ਪੂਰਤੀ ਦੇ ਨਿਸ਼ਾਨ (ਜਿਵੇਂ ਸੁਧ) ਮੌਜੂਦ ਹਨ ।

ਇਹ ਸਾਰਾ ਬਾਣੀ ਸੰਗ੍ਰਹਿ ਤਿੰਨਾਂ ਹਿਸਿਆਂ ਵਿਚ ਅੰਕਤ ਕੀਤਾ ਗਿਆ :–

(੧) ਨਿਤਨੇਮ ਦੀਆਂ ਬਾਣੀਆਂ ।

ਜਪੁਜੀ, ਰਹਰਾਸਿ, ਕੀਰਤਨ ਸੋਹਿਲਾ ।

(੨) ਮੁਖ ਭਾਗ, ਜਿਸ ਵਿਚ ਤੀਹ ਰਾਗੁ ਸ਼ਾਮਲ ਹਨ (**੩੧ਵਾਂ ਰਾਗੁ** ਜੈਜਾਵੰਤੀ ਪਿਛੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਦਰਜ ਕੀਤਾ ਗਿਆ ।)

(੩) ਭੋਗ ਦੀ ਬਾਣੀ। ਜਿਸ ਵਿਚ ਗੁਰੂ ਅਰਜਨ ਦੇਵ ਜੀ ਦੇ ਫੁਨਹੇ, ਕਬੀਰ ਜੀ ਤੇ ਫ਼ਰੀਦ ਜੀ ਦੇ ਸਲੋਕ, ਗੁਰੂ ਅਰਜਨ ਦੇਵ ਜੀ ਤੇ ੧੧ ਭਟਾਂ ਦੇ ਸਵਈਏ ਤੇ ਗੁਰੂ ਸਾਹਿਬਾਂ ਦੇ ਸਲੋਕ ਦਰਜ ਹਨ । ਅੰਤ ਵਿਚ ਸਾਰੀ ਬੀੜ ਨੂੰ 'ਮੁੰਦਣ' ਕਰਦਿਆਂ 'ਮੁੰਦਾਵਣੀ' ਲਿਖੀ ਹੈ ।

# ਪੋਥੀ ਪਰਮੇਸਰ ਕਾ ਥਾਨੁ

ਗੁਰੂ ਗ੍ਰੰਥ ਸਾਹਿਬ ਦਾ 'ਗੁਰੂ ਗ੍ਰੰਥ' ਨਾਮ ੧੭੬੫ ਬਿਕਰਮੀ ਚੇਤ ਸੁਦੀ ਪੰਜ ਤੋਂ ਪਿਆ ਹੈ, ਜਦ ਕਿ ਸ਼ਖਸੀ ਗੁਰਿਆਈ ਖਤਮ ਕਰਕੇ ਆਦਿ ਗ੍ਰੰਥ ਨੂੰ ਗੁਰਤਾ ਦਿਤੀ ਗਈ। ਪਹਿਲੋਂ ਗੁਰੂ ਗ੍ਰੰਥ ਸਾਹਿਬ ਦਾ ਨਾਮ 'ਗ੍ਰੰਥ ਸਾਹਿਬ', 'ਆਦਿ ਗ੍ਰੰਥ' ਜਾਂ 'ਪੋਥੀ' ਸਾਹਿਬ ਸੀ। ਪੁਰਾਣੀਆਂ ਬੀੜਾਂ ਦੇ ਤਤਕਰੇ ਦੇ ਅਰੰਭ



www.AKJ.Org

ਵਿਚ ਵਧੇਰੇ ਕਰਕੇ ਤਤਕਰਾ ਪੋਥੀ ਕਾ ਲਿਖਿਆ ਮਿਲਦਾ ਹੈ । ਕੁਝ ਕੁ ਸ੍ਰੀੜ
ਵਿਚ 'ਤਤਕਰਾ ਗ੍ਰੰਥ ਜੀ ਦਾ ਲਿਖਿਆ' ਦੀ ਭੀ ਸੂਚਨਾ ਹੈ। ਕੁਝ ਕੁ ੜਾਂ ਦੇ
ਤਤਕਰੇ ਦੇ ਆਦਿ ਵਿਚ 'ਤਤਕਰਾ ਪੋਥੀ ਕਾ. ਸੂਚੀ ਪੱਤਰ ਗ੍ਰੰਥ ਜੀ ਕਾ'- ਇਸ
ਤਰ੍ਹਾਂ ਦੀਆਂ ਸੰਮਿਲਤ ਸੂਚਨਾ ਵੀ ਹਨ। ਇਹ ਗਲ ਸਪਸ਼ਟ ਹੈ ਕਿ ਜਦੋਂ ਸ੍ਰੀ
ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਤਿਆਰ ਹੋਈ (ਸੰਮਤ ੧੬੬੧ ਵਿਚ) ਉਸ
ਵੇਲੇ ਜਾਂ ਉਸ ਤੋਂ ਪਹਿਲਾਂ ਬਾਣੀ ਦੀਆਂ ਸੈਂਚੀਆਂ ਨੂੰ ਪੋਥੀਆਂ ਹੀ ਕਿਹਾ
ਜਾਂਦਾ ਸੀ। ਇਕ ਸੈਂਚੀ ਨੂੰ 'ਪੋਥੀ' ਜਾਂ 'ਪੋਥੀ ਸਾਹਿਬ' ਆਖਿਆ ਜਾਂਦਾ ਸੀ।
'ਬਾਬਾ ਮੋਹਨ ਜੀ ਦੀਆਂ ਪੋਥੀਆਂ' ਦਾ ਪਰਚਲਤ ਨਾਂ ਇਸ ਗੱਲ ਦਾ ਸਬੂਤ ਹੈ।
ਫਿਰ ਆਦਿ ਗ੍ਰੰਥ ਸਾਹਿਬ ਨੂੰ ਵੀ ਪੋਥੀ ਜਾਂ ਪੋਥੀ ਸਾਹਿਬ ਕਿਹਾ ਜਾਣ ਲਗ
ਪਿਆ ਤੇ ਬਾਅਦ ਵਿਚ ਨਾਮ ਗ੍ਰੰਥ ਜਾਂ ਗ੍ਰੰਥ ਸਾਹਿਬ ਪ੍ਰਚਲਤ ਰਿਹਾ ਤੇ ਫਿਰ
ਗੁਰੂ ਗ੍ਰੰਥ ਕਿਹਾ ਜਾਣ ਲਗ ਪਿਆ।

'ਤਾਂ ਤੇ ਜੋ ਮੋਹਿ ਸਿਖ ਸੁਜਾਨਾ ।
ਮਾਨਹਿ ਗੁਰੂ ਗ੍ਰੰਥ ਭਗਵਾਨਾ । [ਗੁਰ ਬਿਲਾਸ–ਸੰਮਤ ੧੮੦੮

ਗੁਰੂ ਅਰਜਨ ਦੇਵ ਜੀ ਨੇ ਆਪ ਆਦਿ ਬੀੜ ਲਈ ਪੋਥੀ ਨਾਂ ਵਰਤਿਆ
ਹੈ। ਆਦਿ ਬੀੜ ਦੇ ਤਤਕਰੇ ਦੀ ਸੂਚਨਾ ਇਸ ਪ੍ਰਕਾਰ ਹੈ –

'ਸੂਚੀ ਪੱਤਰ ਪੋਥੀ ਕਾ ਤਤਕਰਾ ਲਿਖਿਆ ਰਾਗਾਂ ਕਾ ਤਥਾ ਸ਼ਬਦਾਂ
ਕਾ ਜਪੁ ਸ੍ਰੀ ਗੁਰੂ ਰਾਮਦਾਸ ਜੀ ਕਿਆਂ ਦਸਖਤਾਂ ਕਾ ਨਕਲ ।'

ਗੁਰੂ ਘਰ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ 'ਪੋਥੀ'
ਸ਼ਬਦ ਦੀ ਵਰਤੋਂ ਹੁੰਦੀ ਆਈ ਹੈ । ਜਿਵੇਂ ਕਿ ਪੋਥੀ ਪੁਰਾਣ ਕਮਾਈਐ।
ਭਾਉ ਵਟੀ ਇਤ ਤਨ ਪਾਈਐ ॥' (ਸਿਰੀ ਰਾਗੁ ਮ: ੧)।

ਗੁਰੂ ਅਰਜਨ ਦੇਵ ਜੀ ਨੇ ਆਪ ਗੁਰੂ ਗ੍ਰੰਥ ਸਾਹਿਬ ਵਿਚ ਪੋਥੀ ਲਫ਼ਜ਼
ਗੁਰਬਾਣੀ ਦੇ ਸੰਗ੍ਰਹਿ ਲਈ ਵਰਤਿਆ ਹੈ : 'ਪੋਥੀ ਪਰਮੇਸਰ ਕਾ ਥਾਨੁ'
(ਸਾਰੰਗ ਮਹਲਾ ੫) ।

## ਜੁਗੋ ਜੁਗ ਅਟਲ

ਪ੍ਰਿੰਸੀਪਲ ਤੇਜਾ ਸਿੰਘ ਆਪਣੀ ਪੁਸਤਕ 'ਸਿਖ-ਇਜ਼ਮ' (Sikhism)
ਵਿਚ ਲਿਖਦ ਹਨ ਕਿ 'ਬਹੁਤ ਸਾਰੇ ਮਜ਼ਬਾਂ ਵਿਚ ਇਹ ਗਲ ਮੰਨੀ ਜਾਂਦੀ ਹੈ
ਕਿ ਉਨ੍ਹਾਂ ਦਾ ਬਾਨੀ, ਆਚਰਯ ਜਾਂ ਪੈਗੰਬਰ ਆਖਰੀ ਸੀ ਅਤੇ ਇਕ ਮੁਕੰਮਲ
ਸ਼ਖਸੀਅਤ ਸੀ। ਉਹ ਇਹ ਮੰਨਦੇ ਹਨ ਕਿ ਉਨ੍ਹਾਂ ਦਾ ਪੈਗੰਬਰ ਪ੍ਰਮਾਣੀਕ
ਹੈ। ਇਹ ਨਿਸਚਾ ਓਦੋਂ ਤਕ ਤਾਂ ਠੀਕ ਹੈ ਜਦ ਤਕ ਕਿ ਮਨੁਖ ਵਰਤਮਾਨ ਜਾ


www.AKJ.Org

ਭਵਿਖ ਕਾਲ ਨਾਲੋਂ ਭੂਤ ਕਾਲ ਨੂੰ ਚੰਗਾ ਸਮਝਦਾ ਸੀ । ਪਰ ਹੁਣ ਮਨੁਖ ਦੇ ਖਿਆਲ ਬੜੇ ਵਿਸ਼ਾਲ ਹੁੰਦੇ ਜਾ ਰਹੇ ਹਨ। ਉਹ ਸਮਝਦਾ ਹੈ ਕਿ ਸਚ ਜਾਂ ਗਿਆਨ ਦੀ ਸੂਝ ਲਈ ਉਹ ਕਾਫ਼ੀ ਤਰੱਕੀ ਕਰ ਗਿਆ ਹੈ। ਅਜ ਦੇ ਮਨੁਖ ਨੂੰ ਇਹ ਪਰੇਰਨਾ ਕਰਨੀ ਬਹੁਤ ਮੁਸ਼ਕਲ ਹੈ ਕਿ ਉਹ ਬੁਧੀ ਦੇ ਵਿਕਾਸ਼ ਇਖ਼ਲਾਕੀ ਸੂਝ ਤੇ ਜਜ਼ਬਿਆਂ ਦੇ ਗਿਆਨ ਸੰਬੰਧੀ ਹੁਣ ਤਕ ਕੀਤੀ ਗਈ ਸਾਰੀ ਤਰੱਕੀ ਭੁੱਲ ਜਾਵੇ। ਇਸ ਲਈ ਜ਼ਰੂਰੀ ਹੈ ਕਿ ਜਿਵੇਂ ਮਨੁੱਖ ਉਨਤੀ ਕਰ ਰਿਹਾ ਹੈ ਤਿਵੇਂ ਉਸ ਦੀ ਅਗਵਾਈ ਕਰਨ ਵਾਲੀ ਸ਼ਖਸੀਅਤ ਵੀ ਉੱਨਤ ਹੋਵੇ, ਪਰ ਔਕੜ ਇਹ ਹੈ ਕਿ ਜੇ ਹਰੇਕ ਪੀੜੀ ਨੂੰ ਉਸ ਦੇ ਵਿਰਸੇ ਵਿਚ ਮਿਲੇ ਹੋਏ ਧਰਮ ਨੂੰ ਬਦਲਣ ਦੀ ਖੁਲ੍ਹ ਹੋਵੇ ਤਾਂ ਸਚਾਈ ਕੋਈ ਨਿਸਚਤ ਚੀਜ਼ ਨਹੀਂ ਰਹੇਗੀ। ਨਾ ਹੀ ਰਵਾਇਤਾਂ ਕਾਇਮ ਰਹਿ ਸਕਣਗੀਆਂ ।'

ਇਸ ਮਸਲੇ ਨੂੰ ਸਿਖ ਧਰਮ ਵਿਚ ਬੜੇ ਹੀ ਸੁਚੱਜੇ ਢੰਗ ਨਾਲ ਹਲ ਕੀਤਾ ਗਿਆ ਹੈ। ਸਿਖ ਧਰਮ ਵਿਚ ਸ਼ਖਸੀਅਤ ਹੈ ਗੁਰੂ ਪੰਥ ਅਤੇ ਆਤਮਾ ਹੈ ਗੁਰੂ ਗ੍ਰੰਥ। ਕੋਈ ਵਿਅਕਤੀਗਤ ਸ਼ਖਸੀਅਤ ਤਾਂ ਸਦਾ ਨਹੀਂ ਰਹਿ ਸਕਦੀ ਜਥੇਬੰਦੀ ਅਤੇ ਆਤਮਾਂ ਤਾਂ ਹਮੇਸ਼ਾਂ ਕਾਇਮ ਰਹਿ ਸਕਦੀਆਂ ਹਨ। ਗੁਰਬਾਣੀ ਜੋਤ ਹੈ, ਉਹੀ ਜੋਤ ਜੋ ਗੁਰੂ ਨਾਨਕ ਵਿਚ ਸੀ ਤੇ ਫਿਰ ਬਾਕੀ ਗੁਰੂ ਸਾਹਿਬਾਂ ਵਿਚ ਵਿਚਰੀ। ਸਰੀਰ ਬਦਲਦੇ ਗਏ ਪਰ ਆਤਮਾ ਉਹੀ ਰਹੀ-'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ' ਵਾਲੀ ਗਲ ਹੈ। ਹੁਣ ਜੋਤ ਹੈ ਗੁਰੂ ਗ੍ਰੰਥ। ਗਲ ਤਾਂ 'ਗੁਰ ਸੰਗਤ ਬਾਣੀ' ਦੀ ਹੈ। ਸੰਗਤ ਜਥੇਬੰਦ ਹੋ ਕੇ ਪੰਥ ਦਾ ਰੂਪ ਧਾਰ ਗਈ ਹੈ। ਤੇ ਬਾਣੀ ਇਕੱਠੀ ਹੋ ਕੇ ਗ੍ਰੰਥ ਦੀ ਸ਼ਕਲ ਵਿਚ ਰੂਪ-ਮਾਨ ਹੋਈ ਹੈ। ਸਮੇਂ ਦੇ ਨਾਲ ਪੰਥ ਤਰੱਕੀ ਕਰ ਸਕਦਾ ਹੈ ਤੇ ਇਸ ਤਰ੍ਹਾਂ ਗੁਰੂ ਪਦਵੀ ਉਨਤ ਹੋ ਸਕਦੀ ਹੈ ਪਰ ਜਤ ਉਹੋ ਹੀ ਰਹੇਗੀ। ਗੁਰੂ ਦੀ ਆਤਮਾ ਭਾਵ ਗੁਰਬਾਣੀ ਨੂੰ ਗੁਰਿਆਈ ਜੁਗੋ ਜੁਗ ਅਟਲ ਸੌਂਪੀ ਗਈ ਹੈ। ਹੁਣ ਸਰੀਰ ਭਾਵ ਪੰਥ ਵੀ ਜੁਗੋ ਜੁਗ ਅਟੱਲ ਹੈ। ਲੋੜ ਹੈ ਉੱਚੀ ਸੁੱਚੀ ਤੇ ਪਵਿਤਰ ਆਤਮਾ ਲਈ ਉੱਚੇ ਸੁੱਚੇ ਤੇ ਪਵਿਤਰ ਸਰੀਰ ਦੀ। ਪੰਥਕ ਜਥੇਬੰਦੀ ਦੀ ਮਜ਼ਬੂਤੀ ਤੇ ਪਵਿਤਰਤਾ ਦੀ ਕਾਇਮੀ ਦੀ। ਪੰਥ ਦੇ ਹਰ ਅੰਗ ਤੇ ਆਚਰਣ ਨੂੰ ਅਮਲੀ ਰੂਪ ਵਿਚ ਸੱਚਾ ਸੁੱਚਾ ਬਨਾਣ ਦੀ। ਇਹ ਠੀਕ ਹੈ ਕਿ ਗੁਰਬਾਣੀ ਰੂਪ ਸਚ ਸਾਡੇ ਕੋਲ ਹੈ ਤੇ 'ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ'। ਪਰ ਸਚ ਦੇ ਪਰਕਾਸ਼ ਲਈ ਤੇ ਸਚ ਦੇ ਪਰਚਾਰ ਲਈ ਸਚੇ ਆਚਰਣ ਦੀ ਬਹੁਤ ਲੋੜ ਹੈ। ਕਿਉਂਕਿ 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ' ਸਚ ਸਭ ਤੋਂ ਉਚਾ ਹੈ ਪਰ ਸਚ ਤੋਂ ਭੀ ਉਚੀ ਹੈ ਸੱਚ ਦੀ ਰਹਿਣੀ।



www.AKJ.Org

# ਮਰਨ ਵਰਤ ਤੇ ਗੁਰਮਤਿ

(ਭਾ: ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ)

(੧) ਸਿਖ ਧਰਮ ਆਸ਼ਾ-ਵਾਦੀ ਧਰਮ ਹੈ। ਸਿਖ ਧਰਮ ਦੇ ਵਾਹਿਗੁਰੂ ਸਦਾ ਅੰਗ ਸੰਗ ਹੈ ਅਤੇ ਹਰ ਕਾਰਜ ਵਿਚ ਉਸਦੀ ਸਹਾਇਤਾ ਕਰਦਾ ਹੈ। ਹਰ ਆਦਰਸ਼ਵਾਦੀ ਮਨੁਖ ਆਸ਼ਾਵਾਦੀ ਹੋਣਾ ਅਤੀ ਜ਼ਰੂਰੀ ਹੈ ਅਤੇ ਇਹੀ ਸਿਖੀ ਦੀ ਗੁੜ੍ਹਤੀ ਹੈ-

'ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥
ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ॥'
(ਡਖਣੇ ਮ: ੫)

(੨) ਮਰਨਾ ਆਮ ਮਨੁਖ ਮਾਤਰ ਲਈ ਹਊਆ ਹੈ। ਪਰ ਆਦਰਸ਼ਵਾਦੀ ਮਨੁਖ ਨੂੰ "ਮਰਨੇ ਕਾ ਚਾਉ" ਹੁੰਦਾ ਹੈ ਕਿਉਂਕਿ ਸਨਮੁਖ ਹੋਕੇ ਜੂਝ ਮਰਨਾ ਹੀ ਆਦਰਸ਼ ਲਈ ਕੁਰਬਾਨੀ ਦੀ ਅਖੀਰੀ ਪਉੜੀ ਹੈ ਪਰ ਮਰਨ ਮਰਨ ਵਿਚ ਫਰਕ ਹੈ। ਨਿਰਾਸਤਾ ਅਤੇ ਮਾਯੂਸੀ ਦੇ ਅਸਰ ਅਧੀਨ ਮਰੇ ਪੁਰਸ਼ ਨੂੰ "ਆਤਮਘਾਤੀ" ਦਾ ਕੋਝਾ ਨਾਂ ਦਿਤਾ ਜਾਂਦਾ ਹੈ। ਸਿਖ ਨੂੰ ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣ ਦਾ ਉਪਦੇਸ਼ ਹੈ।

(੩) ਸਿਖ ਢਹਿੰਦੀਆਂ ਕਲਾਂ ਵਿਚ ਉਦੋਂ ਜਾਂਦਾ ਹੈ ਜਦੋਂ ਗੁਰੂ ਦਾ ਪੱਲਾ ਛਡ ਦੇਵੇ। ਫਿਰ ਉਸ ਨੂੰ ਚਾਰੇ ਪਾਸੇ ਅਨ੍ਹੇਰਾ ਹੀ ਅਨ੍ਹੇਰਾ ਵਰਤਿਆ ਭਾਸਦਾ ਹੈ। ਉਸ ਨੂੰ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਉਸ ਉਤੇ ਅਉਕੜਾਂ ਦਾ ਪਹਾੜ ਟੁਟ ਪਿਆ ਹੋਵੇ, ਜਿਸ ਵਿਚੋਂ ਨਿਕਲਨ ਨੂੰ ਕੋਈ ਰਾਹ ਨ ਲਭਦਾ ਹੋਵੇ, ਐਸੀ ਨਿਰਾਸਤਾ ਵਿਚ ਉਹ ਮਰਨਾ ਹੀ ਪਸੰਦ ਕਰਦਾ ਹੈ।

(੪) ਸ਼ਹੀਦ ਉਹ ਹੈ ਜੋ ਮੰਤਵ ਪੂਰਤੀ ਲਈ ਸਦਾ ਤੱਤਪਰ ਰਵੇ, ਅਤੇ ਆਪਣੀ ਸਾਰੀ ਜੀਵਨ ਸਤਾ (Energy) ਇਸ ਮੰਤਵ ਲਈ ਅਰਪਣ ਕਰਨ ਵਿਚ ਸੰਕੋਚ ਨ ਕਰੇ। ਜੇ ਕਿਧਰੇ ਅਗ੍ਹਾਂ ਵਧਿਆਂ ਉਸ ਦੇ ਰਸਤੇ ਵਿਚ ਕੋਈ ਰੁਕਾਵਟ ਆਵੇ, ਉਸ ਦਾ ਡਟ ਕੇ ਮੁਕਾਬਲਾ ਕਰੇ ਤੇ ਜਾਨ ਤਕ ਵਾਰ ਦੇਵੇ। ਐਸੀ ਅਗਾਂਹ-ਵਧੂ ਰੁਚੀ, ਉਸ ਦੀ ਚੜ੍ਹਦੀ-ਕਲਾ ਤੇ ਵਾਹਿਗੁਰੂ ਨਾਲ ਸੰਜੋਗ ਦੀ ਵਾਚਕ ਹੁੰਦੀ ਹੈ। ਐਸੇ ਪੁਰਸ਼ ਦਾ ਨਾ ਤਾਂ ਨਿਸ਼ਾਨਾ ਹੀ ਮੌਤ ਹੁੰਦੀ ਹੈ ਅਤੇ ਨਾ ਹੀ ਸਾਧਨ ਪਰ ਮੌਤ ਉਸ ਦੇ ਜੀਵਨ ਅੰਤ ਦਾ ਬਹਾਨਾ ਭਾਵੇਂ ਬਣ ਜਾਵੇ। ਜੀਵਨ ਅੰਤ ਦਾ ਆਦਰਸ਼ਵਾਦੀ ਤੇ ਆਸ਼ਾਵਾਦੀ ਮਨੁਖ ਨੂੰ ਮੂਲੋਂ


www.AKJ.Org

ਹੀ ਡਰ ਨਹੀਂ ਹੁੰਦਾ।

ਹਰ ਮੁਸੀਬਤ ਦਾ ਚੜ੍ਹਦੀਆਂ ਕਲਾਂ ਵਿਚ ਮੁਕਾਬਲਾ ਕਰਨ ਵਾਲੇ ਦਾ ਨਾਮ ਸ਼ਹੀਦ ਹੈ ਭਾਵੇਂ ਉਹ ਐਸਾ ਜਿੰਦਾ ਰਹਿ ਕੇ ਕਰੇ, ਭਾਵੇਂ ਜੀਵਨ ਵਾਰਕੇ।

(੫) ਮਰਨ ਵਰਤ ਦੀ ਵਰਤੋਂ ਨਿਰਾਸ਼ਤਾ ਤੇ ਢਹਿੰਦੀਆਂ ਕਲਾ ਦੀ ਸੂਚਕ ਹੈ ਅਤੇ ਕੁਝ ਐਸੇ ਭਾਵਾਂ ਦੀ ਵਾਚਕ ਹੈ ਕਿ ਮਰਨ ਵਰਤ ਕਰਨ ਵਾਲੇ ਵਿਅਕਤੀ ਨੂੰ ਸਵਾਇ ਮਰਨ ਦੇ ਹੋਰ ਕੋਈ ਚਾਰਾ ਹੀ ਨਜ਼ਰ ਨਹੀਂ ਆਉਂਦਾ। ਸਮੂਹਕ ਭਲੇ ਲਈ ਐਸਾ ਮਰਨਾ ਓਪਰੇ ਤੌਰ ਤੇ ਭਾਵੇਂ ਆਦਰਸ਼ਕ ਭਾਸਦਾ ਹੈ ਪਰ ਮਾਯੂਸੀ ਤੇ ਨਿਰਾਸ਼ਤਾ ਕਾਰਨ ਮਰਨਾ ਸਦਾ ਆਤਮ ਘਾਤ ਹੀ ਹੋਇਆ ਕਰਦਾ ਹੈ ਅਤੇ ਐਸਾ ਕਰਤੱਵ ਕਾਇਰਤਾ ਦਾ ਸੂਚਕ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸੂਰਬੀਰ ਖਾਲਸੇ ਨੂੰ ਐਸਾ ਮਰਨਾ ਕਦਾਚਿਤ ਨਹੀਂ ਸੋਭਦਾ। ਹਾਂ, ਗਾਂਧੀ ਭਗਤ ਐਸਾ ਕਰਨ ਵਿਚ ਭਾਵੇਂ ਫਖਰ ਮਹਿਸੂਸ ਕਰਦੇ ਹਨ।

(੬) ਆਖ਼ਰ ਸਤੀਆਂ ਦਾ ਆਪਣੇ ਪ੍ਰੀਤਮ ਦੀ ਲੋਥ ਨਾਲ ਜ਼ਿੰਦਾ ਸੜ ਮਰਨਾ ਉਹਨਾਂ ਦੇ ਅਥਾਹ ਪਤੀ-ਪ੍ਰੀਤ ਦਾ ਲਖਾਇਕ ਕਰਤੱਵ ਸੀ ਜੋ ਕਿ ਓਪਰੀ ਨਜ਼ਰ ਨਾਲ ਵੇਖਿਆਂ ਸ਼ਲਾਘਾ ਯੋਗ ਭਾਸਦਾ ਸੀ – ਪਰ ਸੁਜਾਨ ਸਤਿਗੁਰੂ ਨੇ ਸਤੀ-ਰਸਮ ਨੂੰ ਨਿੰਦਿਆ ਤੇ ਬਿਵਰਜਤ ਕਰਾਰ ਦਿਤਾ ਕਿਉਂ ਜੋ ਮਰ ਜਾਣਾ ਹੀ ਪ੍ਰੀਤ ਪ੍ਰਗਟਾਵੇ ਦਾ ਯੋਗ ਚਿੰਨ ਨਹੀਂ ਸਗੋਂ ਜ਼ਿੰਦਾ ਰਹਿ ਕੇ ਪਤੀ ਬਰੱਤ ਧਰਮ ਨੂੰ ਕਾਇਮ ਰਖਨਾ ਤੇ ਪਤੀ ਪਿਆਰ ਵਿਚ ਨਿਮਗਨ ਰਹਿ ਕੇ ਜੀਵਨ ਬਤੀਤ ਕਰਨਾ ਹੀ ਅਸਲੀ ਸਤੀ ਦਾ ਆਦਰਸ਼ਕ ਕਰਤੱਵ ਹੈ। ਯਥਾ ਗੁਰਵਾਕ :-

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥
(ਸਲੋਕੁ ਮ: ੩, ਵਾਰ ਸੂਹੀ)

(੭) ਇਹ ਸਰੀਰ ਹਰਿ ਕਾ ਮੰਦਰ ਹੈ। "ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥" ਨਾ ਇਹ ਆਪਣੀ ਮਰਜ਼ੀ ਅਨੁਸਾਰ ਪ੍ਰਾਪਤ ਹੋਇਆ ਹੈ ਅਤੇ ਨਾ ਹੀ ਇਸ ਨੇ ਨਿਜ ਮਰਜ਼ੀ ਅਨੁਸਾਰ ਬਿਨਾਸ ਹੋਣਾ ਹੈ - ਜੋ ਕੋਈ ਨਿਜ ਮਰਜ਼ੀ ਅਨੁਸਾਰ ਇਸ ਨੂੰ ਨਸ਼ਟ ਕਰਨ ਦਾ ਉਪਰਾਲਾ ਕਰਦਾ ਹੈ ਉਹ ਮੇਰੀ ਤੁਛ ਜਾਚੇ ਵਾਹਿਗੁਰੂ ਦਾ ਦੇਣਦਾਰ ਹੈ। ਹਾਂ, ਮੰਤਵ ਪੂਰਤੀ ਲਈ ਉਦਮ ਤੇ ਉਤਸ਼ਾਹ ਦਾ ਪਲਾ ਫੜਕੇ ਅਗ੍ਹਾਂ ਵਧਣਾ ਤੇ ਹਰ ਕੁਰਬਾਨੀ ਲਈ ਤੱਤ ਪਰ ਰਹਿਣਾ ਕੁਝ ਹੋਰ ਗਲ ਹੈ। ਉਦਮ ਦਾ ਪਲਾ ਫੜ ਕੇ ਮਰਨਾ ਸਫਲ ਹੈ ਤੇ ਅਸਲੀ ਸੂਰਮਤਾਈ ਹੈ ਤਾਂ ਹੀ ਗੁਰੂ ਮਹਾਰਾਜ ਦਾ ਫੁਰਮਾਨ ਹੈ – "ਉਦਮ ਕਰੇਦਿਆਂ ਜੀਉ ਤੂ ਧਿਆਇਦਿਆਂ ਸੁਖ ਭੁੰਚ ॥"



www.AKJ.Org

# ਬਾਬਾ ਵੈਦ ਰੋਗੀਆਂ ਦਾ

[ਭਾਈ ਸਾਹਿਬ ਮਨਮੋਹਨ ਸਿੰਘ ਜੀ M. Sc. ਜੈ ਪੁਰ]

(ਪਿਛੋ ਤੋਂ ਅਗੋ)

ਨੋਟ :—ਪਿਛਲੇ ਲੇਖ ਵਿਚ ਇਹ ਦਰਸਾਉਣ ਦਾ ਯਤਨ ਕੀਤਾ ਗਿਆ ਸੀ ਕਿ ਸ੍ਰੀ ਗੁਰੂ ਨਾਨਕ ਸਾਹਿਬ ਨੇ ਜਗਤ ਜਲੰਦੇ ਵਿਚ ਠੰਢ ਵਰਤਾਉਣ ਲਈ ਗ੍ਰਹਸਤ ਉਦਾਸ ਮਾਰਗ ਚਲਾਇਆ। ਉਹਨਾਂ ਦਸਿਆ ਕਿ ਮਨ ਨੂੰ ਮਜ਼ਬੂਤ ਕਰਨ ਲਈ ਤਾ ਕਿ ਇਹ ਕਾਮਾਦਿਕ ਵਿਸ਼ੇ ਵਿਕਾਰਾਂ ਦਾ ਟਾਕਰਾ ਕਰ ਸਕੇ, ਇਹ ਜ਼ਰੂਰੀ ਹੈ ਕਿ ਇਸ ਨੂੰ 'ਨਾਮ' ਸਿਮਰਨ ਦੀ ਸ਼ਕਤੀ ਨਾਲ ਮਲਬੂਸ ਕੀਤਾ ਜਾਵੇ। ਦੁਨੀਆਂ ਛਡ ਕੇ ਮਨ ਮਾਰਨ ਨਾਲ ਮਨ ਨਿਰਬਲ ਹੋ ਜਾਂਦਾ ਹੈ ਤੇ ਸਮਾਂ ਪੈਣ ਤੇ ਪੰਜਾਂ ਦੂਤਾਂ ਦਾ ਟਾਕਰਾ ਕਰਨ ਤੋਂ ਅਸਮਰਥ ਹੋ ਜਾਂਦਾ ਹੈ। ਜੇਕਰ ਨਾਮ ਸਿਮਰਣ ਨਾਲ ਮਨ ਨੂੰ ਯੋਧਾ ਬਣਾ ਲਿਆ ਜਾਵੇ ਤਾਂ —

ਸਗਲ ਸ੍ਰਿਸਟਿ ਕੇ ਪੰਚ ਸਿਕਦਾਰ॥
ਰਾਮ ਭਗਤ ਕੇ ਪਾਨੀ ਹਾਰ॥

----

ਅਸਲ ਗਲ ਇਹ ਹੈ ਕਿ ਕਰਤਾ ਪੁਰਖ ਨੇ ਕੋਈ ਚੀਜ਼ ਵੀ ਅਕਾਰਥ ਜਾਂ ਭੈੜੀ ਨਹੀਂ ਬਣਾਈ। ਕਿਸੇ ਸ਼ੈ ਦੀ ਵਰਤੋਂ ਹੀ ਉਸ ਸ਼ੈ ਨੂੰ ਭੈੜਾ ਜਾਂ ਚੰਗਾ ਬਣਾਂਦੀ ਹੈ। ਅੰਗਰੇਜ਼ੀ ਦਾ ਅਖਾਣ ਵੀ ਹੈ —

Nothing is good or bad in this world, Thinking makes it so,

ਅੰਗੂਰ ਕਿੰਨਾ ਚੰਗਾ ਫਲ ਹੈ, ਨਿਰਬਲ ਸਰੀਰ ਵਿਚ ਸ਼ਕਤੀ ਭਰਦਾ ਹੈ। ਸਰੀਰ ਨੂੰ ਤਾਣ ਦੇਂਦਾ ਹੈ। ਇਸ ਅੰਗੂਰ ਫਲ ਨੂੰ ਸ਼ਰਾਬ ਦਾ ਰੂਪ ਦੇ ਕੇ ਭੈੜਾ ਬਣਾ ਦਿਤਾ ਜਾਂਦਾ ਹੈ। ਸੰਖੀਆ ਇਕ ਮਾਰੂ ਜ਼ਹਿਰ ਹੈ ਜਿਸ ਨੂੰ ਖਾਧਿਆਂ



www.AKJ.Org

ਮਨੁਖ ਦੇ ਸਰੀਰ ਦਾ ਅੰਤ ਹੋ ਜਾਂਦਾ ਹੈ । ਆਤਮਘਾਤੀ ਤੇ ਦੂਜਿਆਂ ਨੂੰ ਮਾਰਨ ਵਾਲੇ ਹਤਿਆਰੇ ਇਸ ਦੀ ਵਰਤੋਂ ਆਪਣੇ ਮੰਤਵ ਦੀ ਪੂਰਤੀ ਲਈ ਕਰਦੇ ਹਨ । ਪਰ ਡਾਕਟਰ ਦੇ ਹਥ ਵਿਚ ਆਇਆ ਇਹੋ ਸੰਖੀਆ, ਗਿਣੀ ਮਿਥੀ ਮਿਕਦਾਰ ਵਿਚ ਰੋਗੀਆਂ ਲਈ ਰੋਗ ਦੂਰ ਕਰਨ ਦਾ ਸਾਧਨ ਬਣ ਜਾਂਦਾ ਹੈ ।

ਸੋ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਉਸੇ ਕਰਤਾਰ ਦੇ ਅਟੱਲ ਹੁਕਮ ਵਿਚ ਬਣੇ ਹਨ, ਕਿਸੇ ਮੰਤਵ ਦੀ ਪੂਰਤੀ ਲਈ । ਇਹ ਸਾਡੇ ਵੈਰੀ ਨਹੀਂ, ਮਿਤ੍ਰ ਹਨ । ਅਸੀਂ ਆਪ ਹੀ ਇਨ੍ਹਾਂ ਦੀ ਅਯੋਗ ਵਰਤੋਂ ਨਾਲ ਇਨ੍ਹਾਂ ਨੂੰ ਵੈਰੀ ਬਣਾ ਲਿਆ ਹੈ । ਹੋਰ ਬਣਤਰਾਂ ਵਾਂਗ ਅਕਾਲ ਪੁਰਖ ਦੀਆਂ ਇਹ ਬਣਤਰਾਂ ਵੀ ਕਿਸੇ ਆਸ਼ੇ ਨੂੰ ਮੁਖ ਰਖ ਕੇ ਬਣਾਈਆਂ ਗਈਆਂ ਹਨ ।

**'ਕਾਮ'** ਸੰਸਾਰ ਉਤਪਤੀ ਦਾ ਵਸੀਲਾ ਕਰਤੇ ਨੇ ਬਣਾਇਆ ਹੈ ਜੋ ਕਿ ਨਿਰਾ ਮਨੁਸ਼ ਜ਼ਾਤੀ ਵਿਚ ਹੀ ਨਹੀਂ, ਪਸ਼ੂ, ਪੰਖੀ ਐਥੋਂ ਤਕ ਕਿ ਬਨਾਸਪਤੀ ਵਿਚ ਵੀ ਪੁਨਰ ਉਤਪਤੀ ਦਾ ਸਾਧਨ ਹੈ । ਜਦੋਂ ਮਨੁਸ਼ ਇਸ ਦੀ ਗ਼ਲਤ ਵਰਤੋਂ ਕਰਕੇ, ਇਸ ਨੂੰ ਨਫ਼ਸਾਨੀ ਅਯਾਸ਼ੀ ਦਾ ਸਾਧਨ ਬਨਾਉਂਦਾ ਹੈ ਤੇ ਆਚਰਨ ਤੋਂ ਡਿਗ ਕੇ ਕੁਕਰਮ ਕਰਦਾ ਹੈ ਤਾਂ ਇਹੋ ਹੀ ਕਾਮ ਮਨੁਸ਼ ਦਾ ਵੈਰੀ ਹੋ ਜਾਂਦਾ ਹੈ । ਇਸ ਦੇ ਉਲਟ, ਇਸ ਨੂੰ ਆਪਣੇ ਮਨ ਦੇ ਅਧੀਨ ਰਖ ਕੇ, ਮਿਤ੍ਰ ਬਣਾ ਕੇ, ਇਸ ਤੋਂ ਯੋਗ ਸੇਵਾ ਲੈਣ ਨਾਲ ਨਾ ਸਿਰਫ਼ ਕਾਦਰ ਦੀ ਕੁਦਰਤ ਵਿਚ ਪੁਨਰ ਉਤਪਤੀ ਦੇ ਜ਼ਰੀਏ ਨਸਲਾਂ ਦਾ ਵਾਧਾ ਹੁੰਦਾ ਚਲਾ ਜਾਂਦਾ ਹੈ ਬਲਕਿ ਪਰਵਾਰਕ ਖ਼ੁਸ਼ੀ, ਅਤੇ ਮਾਤਾ ਪਿਤਾ, ਭੈਣ ਭਰਾ ਆਦਿ ਪਵਿਤ੍ਰ ਤੇ ਅਨੰਦਮਈ ਸਬੰਧ ਵੀ ਬਣਦੇ ਰਹਿੰਦੇ ਹਨ ।

**'ਕਰੋਧ'** ਦੀ ਭੈੜੀ ਵਰਤੋਂ ਸਰਬੰਸ ਹੀ ਨਹੀਂ, ਕਬੀਲੇ ਤੇ ਦੇਸ਼ ਵੀ ਉਜਾੜ ਸਕਦੀ ਹੈ । ਪਰ ਇਸੇ ਨੂੰ ਮਨ ਦੇ ਅਧੀਨ ਰਖ ਕੇ ਬੀਰ ਰਸ ਦਾ ਸਰੂਪ ਦਿਤਾ ਜਾਵੇ ਅਤੇ ਪਰਉਪਕਾਰ ਲਈ, ਦੀਨਾ ਦੁਖੀਆਂ ਦੀ ਰਖਿਆ ਲਈ ਸ੍ਵੈਧਰਮ, ਸ੍ਵੈਮਾਨ ਤੇ ਅਣਖ ਨੂੰ ਬਰਕਰਾਰ ਰਖਣ ਲਈ ਵਰਤਿਆ ਜਾਵੇ ਤਾਂ ਇਸਦੀ ਵਰਤੋਂ ਮਨੁਖ ਨੂੰ ਸੰਤ ਸਿਪਾਹੀ ਬਣਾ ਦੇਂਦੀ ਹੈ ।

**'ਲੋਭ'** ਅਧੀਨ ਹੋ ਕੇ ਮਨੁਖ ਆਪਣੀ ਨਿਜੀ ਤਜੌਰੀਆਂ ਭਰਨ ਲਗ ਜਾਵੇ, ਗਰੀਬਾਂ ਦਾ ਖ਼ੂਨ ਚੂਸ ਕੇ ਆਪਣਾ ਤੇ ਆਪਣੇ ਪ੍ਰੀਵਾਰ ਦੀ ਖ਼ੁਸ਼ੀ ਤੇ ਸੁਖ ਹਾਸਲ ਕਰਨਾ ਲੋਚੇ, ਲਾਲਚ ਵਿਚ ਫਸ ਕੇ ਆਪਣੇ ਧਰਮ ਤੇ ਦੇਸ਼ ਨਾਲ



www.AKJ.Org

ਧੋਖਾ ਕਰੇ ਤਾਂ ਲੋਭ ਮਨੁਖ ਦਾ ਬਹੁਤ ਵੱਡਾ ਵੈਰੀ ਹੈ, ਇਸ ਦੇ ਉਲਟ ਇਸ ਦੀ ਯੋਗ ਵਰਤੋਂ ਆਪਣੀ, ਆਪਣੇ ਪ੍ਰੀਵਾਰ ਦੀ, ਆਪਣੇ ਸਮਾਜ ਦੀ ਅਤੇ ਆਪ ਤੋਂ ਗਰੀਬਾਂ ਦੀ ਸਹਾਇਤਾ ਲਈ ਉਪ੍ਰਾਲੇ ਦਾ ਰੂਪ ਧਾਰਨ ਕਰੇ ਤਾਂ ਇਹੋ ਧਨ ਦੀ ਲਾਲਸਾ ਉਪਕਾਰ ਦਾ ਰੂਪ ਧਾਰਨ ਕਰਕੇ ਚੰਗੀ ਬਣ ਜਾਂਦੀ ਹੈ, ਏਸੇ ਲਈ ਗੁਰੂ ਸਾਹਿਬ ਨੇ ਦਸਵੰਧ ਕਢਨ ਦੀ ਸੁਰੀਤੀ ਪ੍ਰਚੱਲਤ ਕੀਤੀ ਤਾ ਕਿ ਮਨ ਲੋਭ ਦੀ ਪਕੜ ਵਿਚ ਨਾ ਰਹੇ ਤੇ ਇਸ ਤਰਾਂ ਮਾਇਆ ਕਮਾਉਂਦਾ ਹੋਇਆ ਭੀ ਕਿਸੇ ਉਚੇਰੇ ਮੰਤਵ ਲਈ ਇਸ ਦੇ ਤਿਆਗ ਦਾ ਅਭਿਆਸ ਕਰਦਾ ਰਹੇ। ਏਸੇ ਤਰਾਂ **'ਮੋਹ'** ਦੀ ਵਰਤੋਂ ਨਾਲ ਆਪਣੇ ਪ੍ਰਵਾਰ ਤੇ ਬਾਲ ਬਚੇ ਦੀ ਪਾਲਣਾ ਕਰੇ। ਫੇਰ ਆਪਣੇ ਆਲੇ ਦੁਆਲੇ ਨਾਲ ਪਿਆਰ ਕਰੇ। ਜਿਸ ਮਨੁਸ਼ ਨੂੰ ਆਪਣੇ ਪ੍ਰਵਾਰ ਨਾਲ ਪਿਆਰ ਨਹੀਂ, ਜੋ ਆਪਣੇ ਨਜ਼ਦੀਕੀ ਸੰਬੰਧੀਆਂ ਦੇ ਦੁਖ ਸੁਖ ਵਿਚ ਸ਼ਰੀਕ ਨਹੀਂ ਹੋ ਸਕਦਾ ਉਸ ਦਾ ਮਨ ਹੌਲੇ ਹੌਲੇ ਕਠੋਰ ਹੋ ਜਾਂਦਾ ਹੈ ਅਤੇ ਏਸ ਤਰ੍ਹਾਂ ਉਹ ਅਕਾਲ ਪੁਰਖ ਦੇ ਹੋਰ ਬਚਿਆਂ ਦੇ ਦੁਖਾਂ ਨੂੰ ਵੀ ਮਹਿਸੂਸ ਨਹੀਂ ਕਰ ਸਕਦਾ। ਅੰਤ ਵਿਚ **'ਅਹੰਕਾਰ'** ਨੂੰ ਜੇ ਸ੍ਵੈਮਾਨ ਤੇ ਸ੍ਵੈਭਰੋਸੇ ਦਾ ਰੂਪ ਦਿਤਾ ਜਾਵੇ ਤਾ ਮਨੁਸ਼ ਵਿਚ ਉਹ ਸ਼ਕਤੀ ਉਪਜਦੀ ਹੈ ਜਿਸ ਨਾਲ ਉਹ ਸਵਾ ਲਖ ਵੈਰੀ ਦਾ ਟਾਕਰਾ ਇਕ ਇਕੱਲਾ ਕਰ ਸਕੇ।

ਪਰ ਇਹ ਸਭ ਕੁਝ ਤਾਂ ਹੀ ਹੋ ਸਕਦਾ ਹੈ ਜੇ ਵਾਹਿਗੁਰੂ ਸਿਮਰਨ ਨਾਲ ਮਨ ਨੂੰ ਪੂਰਨ ਅਰੋਗ ਤੇ ਇੰਨਾ ਬਲਵਾਨ ਬਣਾ ਦਿਤਾ ਜਾਵੇ ਕਿ ਉਹ ਇਨ੍ਹਾਂ ਪੰਜਾਂ ਮਹਾਂਬਲੀਆਂ ਨੂੰ ਆਪਣੇ ਅਧੀਨ ਰਖ ਸਕੇ। ਦੂਜੇ ਸ਼ਬਦਾਂ ਵਿਚ ਮਨ ਨੂੰ ਵਾਹਿਗੁਰੂ ਅਕਾਲ ਪੁਰਖ ਅਗੇ ਨੀਵਾਂ ਕਰਕੇ, ਉਸ ਆਦਿ ਸ਼ਕਤੀ ਦੇ ਅਧੀਨ ਕਰਕੇ, ਉਸ ਸਰਬ ਸ਼ਕਤੀਆਂ ਦੇ ਮੂਲ ਨਾਲ ਜੋੜ ਕੇ, ਉੱਚੀ ਤੇ ਸੁੱਚੀ ਸਤਿਗੁਰੂ ਦੀ ਮੱਤ ਅਨੁਸਾਰ ਚਲਾਵੇ। ਏਸੇ ਲਈ ਤਾਂ ਸਾਡੀ ਰੋਜ਼ ਦੀ ਅਰਦਾਸ ਹੈ –

ਸਚੇ ਪਾਤਸ਼ਾਹ ! ਆਪ ਦੇ ਸਿਖਾਂ ਦਾ ਮਨ ਨੀਵਾਂ,
ਮੱਤ ਉਚੀ ਅਤੇ ਮੱਤ ਦਾ ਰਾਖਾ ਆਪ ਅਕਾਲ ਪੁਰਖ।

ਸੋ "ਨਾਮ" ਸਿਮਰਨ ਦੀ ਔਖਧੀ ਦੇ ਕੇ ਗੁਰੂ ਨਾਨਕ ਸੱਚੇ ਸਤਿਗੁਰੂ ਨੇ ਇਸ ਖੁਟਹਰ ਮਨ ਦੀ ਚੰਚਲਤਾਈ ਖਤਮ ਕਰ ਦਿਤੀ, ਇਸ ਦੇ ਜੁਗਾਂ ਜੁਗਾਂਤਰਾਂ ਦੇ ਰੋਗ ਕਟ ਦਿਤੇ ਅਤੇ ਇਸ ਤਰ੍ਹਾਂ ਜਿਨ੍ਹਾਂ ਪੰਜਾਂ ਤੋਂ ਸ੍ਰਿਸ਼ਟੀ ਡਰਦੀ ਤੇ ਕਬਦੀ ਹੈ ਅਤੇ ਉਨ੍ਹਾਂ ਦੇ ਚੰਗਲ ਵਿਚ ਫਸੀ ਹੋਈ ਤੜਪ ਰਹੀ ਹੈ, ਓਹ ਮਹਾਂ ਬਲੀ ਇਸ ਦੇ ਅਧੀਨ ਤੇ ਪਾਨੀਹਾਰ ਕਰ ਦਿਤੇ। ਇਸੇ ਲਈ ਤਾਂ ਸਤਿਗੁਰੂ ਨਾਨਕ ਨੂੰ ਸੰਬੋਧਨ ਕਰ ਕੇ ਕਿਹਾ ਜਾਂਦਾ ਹੈ – ਆ ਗਿਆ ਬਾਬਾ ਵੈਦ ਰੋਗੀਆਂ ਦਾ।



www.AKJ.Org

# ਖਾਲਸਈ ਰਹਿਤ ਮਰਯਾਦਾ ਦਾ ਤੋਲ ਮਾਪ

ਭਾਈ ਸਾਹਿਬ ਹਰੀ ਸਿੰਘ ਜੀ ਸ਼ੇਰਗਿੱਲ, ਇੰਨਚਾਰਜ, ਲੋਕ ਸੰਪਰਕ ਵਿਭਾਗ,
ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ

----

ਮਨੁੱਖ ਸਮਾਜ ਦਾ ਢਾਂਚਾ ਸੂਤ ਸਿਰ ਚਲਣ ਚਲੌਣ ਵਾਸਤੇ ਸਨਮਾਨ ਯੋਗ ਸਮਾਜ ਸੇਵੀਆਂ, ਸੰਚਾਲਕਾਂ, ਖੋਜੀਆਂ ਅਤੇ ਆਗੂਆਂ ਨੇ ਕਈ ਬਿਧੂਰੀਆਂ ਬਣਾਈਆਂ ਹਨ, ਬੰਧਾਨ ਬੰਧੇ ਹਨ ਤਥਾ ਕਈ ਪ੍ਰੰਪਰਾਵਾਂ ਘੜੀਆਂ ਤੇ ਤੋਰੀਆ ਹਨ। ਮਿਸਾਲ ਵਜੋਂ 'ਵਿਆਹ' ਦੀ ਪ੍ਰੰਪਰਾ ਉਨ੍ਹਾਂ ਚੋਂ ਇਕ ਹੈ।

ਸ੍ਰੀ ਅਕਾਲ-ਪੁਰਖ ਜੀ ਆਪਣੀ ਇਸ ਦ੍ਰਿਸ਼ਟਾਮਾਨ ਅਮਿਤ ਸੁਹਾਵਨੀ ਰਚਨਾਵਲੀ ਪ੍ਰਕਿਰਤੀ ਵਿਚੋਂ ਦੀ ਪ੍ਰਤੱਖ ਰੂਪ ਵਿਚ ਵਿਗਸਤ ਹੋ ਰਹੇ ਹਨ।

"ਬਲਿਹਾਰੀ ਕੁਦਰਤਿ ਵਸਿਆ ॥
ਤੇਰਾ ਅੰਤੁ ਨ ਜਾਈ ਲਖਿਆ। ੧॥ ਰਹਾਉ॥"

ਤਥਾ—"ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥"
ਆਦਿ ਗੁਰੂਹੁਕਮ ਇਸੇ ਪ੍ਰਥਾਇ ਹਨ।

ਆਪਣੀ ਇਸ ਬੇਮੇਚੀ ਰਚਨਾਵਲੀ ਦੀ ਸਿਰਦਾਰੀ ਵਾਹਿਗੁਰੂ ਜੀ ਨੇ ਮਨੁੱਖ ਜੀ ਨੂੰ ਬਖਸ਼ੀ ਹੈ।

"ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥"

ਦੀ ਆਗਿਆ ਗੁਰੂ ਸਾਹਿਬ ਨੇ ਮਨੁਖ ਪ੍ਰਤੀ ਦਰਸਾਈ ਹੈ।

ਤਾਂਤੇ ਮਨੁੱਖੀ ਵਜੂਦ ਕਰਤਾ ਪੁਰਖ ਜੀ ਦੀ ਸਰਬੋਤਮ ਕ੍ਰਿਤ (ਘਾੜਤ) ਹੈ। ਵਿਕਾਸਵਾਦ ਦੇ ਪ੍ਰਸਿਧ ਮੋਢੀ ਵਿਗਿਆਨੀ ਡਾਰਵਿਨ ਜੀ ਭੀ ਇਹੋ ਸਿਧ ਕਰਦੇ ਹਨ। ਇਸ ਮਾਨਸ ਦੇਹੀ ਦੀ ਪ੍ਰਾਪਤੀ ਲਈ (ਕਲਿਪਤ) ਦੇਵਤੇ ਭੀ ਵਾਹਿਗੁਰੂ ਜੀ ਦੀ ਬਾਰਗਾਹ ਵਿਚ ਸਵਾਲੀ ਹੁੰਦੇ ਹਨ ("ਇਸ ਦੇਹੀ ਕਉ ਸਿਮਰਹਿ ਦੇਵ॥") ਇਸ ਸਿਰਦਾਰ ਸ਼੍ਰੇਣੀ ਨੂੰ ਮਨੋਹਰ ਤੇ ਖੂਬਸੂਰਤ ਬਣਾਈ



www.AKJ.Org

ਰਖਣ ਲਈ ਇਹ ਮਾਨਵੀ ਬੰਧਾਨ ਤੇ ਪ੍ਰੰਪਰਾਵਾਂ ਜ਼ਰਰੀ ਸਾਧਨ ਹਨ । ਅਤੇ ਇਨ੍ਹਾਂ ਪ੍ਰੰਪਰਾਵਾਂ ਦੇ ਮੋਵੀ ਮਾਨਵਤਾ ਮਾਪਣ ਦੇ ਗਜ਼ ਹਨ ।

ਮਨੁੱਖੀ ਸਮਾਜ ਦਾ ਢਾਂਚਾ ਜਾਂ ਮਸ਼ੀਨ ਜਦ ਕਦੀ ਮਾਨਵਤਾ ਦੇ ਉਪ੍ਰੋਕਤ ਸੰਕੇਤਕ ਬੰਧਾਨਾਂ ਯਾਨੀ ਮਿਥੀਆਂ ਰੂਥੀਆਂ (ਪ੍ਰੰਪਰਾਵਾਂ) ਵਿਚੋਂ ਨਿਕਲ ਅਤੇ ਮਾਨਵਤਾ ਦੇ ਆਗੂਆਂ ਤੋਂ ਬਾਗੀ ਹੋ ਤੁਰਦੀ ਹੈ ਤਾਂ ਆਪਣੇ ਸੰਤੁਲਨ (Balance) ਤੋਂ ਖੁੰਝ ਕੇ ਇਸ ਦੀ ਸ਼ਕਲ ਬੜੀ ਕੁਵੱਬੀ, ਕੁਰੂਪ ਤੇ ਕੋਝੀ ਹੋ ਜਾਂਦੀ ਹੈ । ਮਾਨਵੀ ਕੀਮਤਾਂ ਨੂੰ ਵੰਞਾ ਕੇ ਤੇ ਮਾਨਵੀ ਪ੍ਰੰਪਰਾਵਾਂ ਨੂੰ ਤਲਾਂਜਲੀ ਦੇ ਕੇ ਇਸ ਸਮੇਂ ਮਨੁੱਖੀ ਸਮਾਜ ਬੁਰੀ ਤਰ੍ਹਾਂ ਭਟਕ ਰਿਹਾ ਹੈ । ਇਸ ਦੀ ਹਾਲਤ ਤਰਸਯੋਗ ਹੋ ਰਹੀ ਹੈ । ਮਨੁਖ ਮਾਤਰ ਇਕ ਦੂਸਰੇ ਨੂੰ ਧੱਕ ਮਾਰ ਰਿਹਾ ਹੈ । ਕਾਮਵੇਗ ਦਾ ਹੜ ਬੇਲਗਾਮਾ ਹੋ ਕੇ ਜ਼ੋਰਾਂ ਤੇ ਹੈ ਤੇ ਪਰਵਾਰਿਕ, ਸਮਾਜਿਕ ਢਾਂਚਾ ਬੁਰੀ ਤਰ੍ਹਾਂ ਉਲਝ ਕੇ ਰਹਿ ਗਿਆ ਹੈ । ਸਮਾਜ ਦਾ ਸਾਜ਼ ਕਾਫੀ ਬੇਸੁਰਾ ਹੋ ਤੁਰਿਆ ਹੈ ।

ਅਕਾਲ-ਪੁਰਖ ਜੀ ਦਾ ਆਪਣਾ ਵਿਸ਼ਾਲ ਸ਼ਮਸੀ ਨਿਜ਼ਾਮ (Solar-System) ਅਰਥਾਤ ਸੂਰਜ, ਚੰਦ, ਤਾਰੇ, ਧਰਤੀ, ਨੌ ਗ੍ਰਹਿ ਆਦਿਕ ਬੜੇ ਵਚਿਤਰ ਤੇ ਵਿਸਮਾਦੀ ਸੂਰਤ ਵਿਚ ਬੱਝਾ ਚਲ ਰਿਹਾ ਪ੍ਰਤੱਖ ਦਿਸਦਾ ਹੈ । ਸ੍ਰੀ ਜਪੁ ਜੀ ਸਾਹਿਬ ਵਿਚ ਇਸੇ ਪ੍ਰਥਾਇ ਸੰਕੇਤ ਹੈ ਕਿ

"ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥"

ਅਤੇ ਸ੍ਰੀ ਆਸਾ ਦੀ ਵਾਰ ਵਿਚ–

"ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥" ਦਾ ਇਸ਼ਾਰਾ ਭੀ ਇਧਰ ਹੀ ਹੈ ।

ਬੰਧਾਨ ਤੇ ਸਿਸਟਿਮ ਇਕ ਕੁਦਰਤੀ ਨਿਯਮ ਤਥਾ ਡਿਸਿਪਲਿਨ ਹੈ । ਉਸ 'ਬਾਜੀਗਰ' ਦੀ ਰਾਸ ਲੀਲ੍ਹਾ ਜਾਂ ਮੌਜ ਤਮਾਸ਼ੇ ਦੀ ਪੂਰਤੀ ਲਈ ਉਸ ਦਾ ਇਹ ਵਿਸ਼ਾਲ ਸ਼ਮਸੀ ਨਿਜ਼ਾਮ ਤਥਾ ਮਨੁਖੀ ਢਾਂਚਾ ਹੁਕਮੀ ਕਾਰ ਕਮਾ ਰਿਹਾ ਹੈ ("ਬਾਜੀਗਰ ਡੰਕ ਬਜਾਈ ॥ ਸਭ ਖਲਕ ਤਮਾਸੇ ਆਈ ॥ ਬਾਜੀਗਰ ਸ੍ਵਾਂਗ ਸਕੇਲਾ ॥ ਅਪਨੇ ਰੰਗ ਰਵੈ ਅਕੇਲਾ ॥੨॥") । ਇਹ ਸਭ ਦ੍ਰਿਸ਼ਟਮਾਨ ਹੈ ਤਾਂ ਉਸ 'ਬਾਜੀਗਰ' ਦਾ ਮੌਜ ਤਮਾਸ਼ਾ ਅਤੇ ਆਪਣੀ ਮੌਜ ਵਿਚ ਆਪਣਾ ਆਪ ਦਰਿਸ਼ਟੌਣ ਲਈ-ਪਰ ਇਸ ਸਾਰੇ ਅਕਾਲ-ਪੁਰਖੀ ਪਸਾਰੇ (Scheme of things) ਦਾ ਇਕ ਵਿਉਂਤ ਤੇ ਨਿਯਮ ਬੱਧ ਸਿਸਟਿਮ ਪ੍ਰਤੱਖ ਹੈ । ਇਹ ਨਿਯਮ ਬੱਧ ਅਕਾਲ ਪੁਰਖੀ ਸਕੀਮ ਹੀ ਸਾਰੀ ਵਰਤਮਾਨ ਵਿਗਿਆਨਕ ਪ੍ਰਗਤੀ ਦਾ



www.AKJ.Org

ਨੀਂਹ-ਪੱਥਰ (ਆਧਾਰ-ਸ਼ਿਲਾ) ਹੈ । ਅਤੇ ਇਸ ਧਰਤੀ ਉਤੇ ਚਲ ਰਿਹਾ ਦਿਸਦਾ ਸਾਰਾ ਸੀਮਤ ਮਨੁਖੀ ਨਿਜ਼ਾਮ ਛੋਟੇ ਪੈਮਾਨੇ ਉਤੇ ਕਾਦਰ ਦੇ ਵਿਸ਼ਾਲ ਨਿਜ਼ਾਮ ਦਾ ਹੀ ਪ੍ਰਤੀਬਿੰਬ ਹੈ ।

ਕਾਦਰ ਦੀ ਵਿਸ਼ਾਲ ਕੁਦਰਤ ਦੇ ਹਰੇਕ ਸ਼ੋਅਬੇ ਵਿਚ ਸੰਤੁਲਨ ਦਾ ਅਸੂਲ (Principle of balances) ਕਾਰ ਫਰਮਾ ਹੈ । ਕਾਦਰ ਦੀ ਹੁਕਮੀ ਮੌਜ ਵਿਚ ਜਦ ਕਦੀ ਇਸ ਸੰਤੁਲਨ ਵਿਚ ਤਸੂ ਭਰ ਭੀ ਫਰਕ ਆ ਜਾਂਦਾ ਹੈ ਤਾਂ ਭੂੰਚਾਲ, ਤੁਫਾਨ, ਭੁਗੋਲਕ ਘੋਰ ਸੰਗਰਾਮ, ਭੁਖ ਮਰੀ, ਸੰਸਾਰ ਵਿਆਪੀ ਮੋਹਲਕ ਬੀਮਾਰੀਆਂ ਆਦਿ ਰੂ-ਨੁਮਾ ਹੁੰਬੀਆਂ ਹਨ । ਇਹ ਭੀ ਉਸ ਦੀ ਮੌਜ ਹੈ । ("ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ")

(ਜਪੁ ਜੀ ਸਾਹਿਬ)

ਇਸ ਸਾਰੇ ਦਰਿਸ਼ਟਮਾਨ ਪਸਾਰੇ ਦੀ ਜੁਗੋ ਜੁਗ ਸਥਿਰਤਾ ਤੇ ਸਰਬ ਪੱਖੀ ਮਨੁਖੀ ਪ੍ਰਗਤੀ ਜਾਂ ਉਤਪਤੀ ਦਾ ਭੇਦ, ਕਾਰਨ ਤੇ ਕਰਨੀ (Cause & effect) ਦੀ ਥਯੂਰੀ ਉਤੇ ਹੀ ਆਧਾਰਤ ਹੈ । ਇਸੇ ਤਰ੍ਹਾਂ ਹੀ ਉਸ ਦੀ ਮੌਜ ਰੂਪ ਵਟਾ ਵਟਾ ਕੇ ਜੁਗੋ ਜੁਗ ਅਟੱਲ ਤੁਰੀ ਜਾ ਰਹੀ ਹੈ, ਸਿਥਿਲ (Static) ਹੋਣ ਦੀ ਥਾਂ ਇਸ ਅਟੱਲਤਾ ਦਾ ਭੇਦ ਵਿਕਾਸਮਈ (Dynamic) ਹੋਣ ਵਿਚ ਹੈ ।

ਇਸ ਲਿਖਤ ਦਾ ਅਰੰਭ ਮਨੁਖੀ ਸਮਾਜਕ ਢਾਂਚੇ ਨੂੰ ਸੂਤ ਸਿਰ ਚਲਾਣ ਲਈ ਨਿਯੁਕਤ ਬੰਧਾਨਾਂ ਦੇ ਜ਼ਿਕਰ ਨਾਲ ਕੀਤਾ ਗਿਆ ਹੈ । ਇਨ੍ਹਾਂ ਸ਼ੁਭ ਬੰਧਾਨਾਂ ਦੀਆਂ ਥਯੂਰੀਆਂ ਘੜਨਹਾਰੇ ਤੇ ਉਨ੍ਹਾਂ ਥਯੂਰੀਆਂ ਦੀਆਂ ਲੀਹਾਂ ਵਿਚ ਸਮਾਜਕ ਢਾਂਚੇ ਨੂੰ ਜਥੇਬੰਦ ਕਰਨਹਾਰੇ ਸੰਸਾਰ ਭਰ ਵਿਚ ਬੜੇ ਬੜੇ ਮਹਾਨ ਪੁਰਖ ਹੋਏ ਹਨ ਤੇ ਉਨ੍ਹਾਂ ਦੀ ਪੀੜ੍ਹੀ ਭੀ ਤੁਰਦੀ ਜਾ ਰਹੀ ਹੈ । ਇਸ ਸ਼ਰੇਣੀ ਦੇ ਸਾਰੇ ਸਮਾਜ ਸੇਵੀ ਤੇ ਵਿਗਿਆਨਕ ਖੋਜੀ ਪਰਮ ਆਦਰਯੋਗ ਹਨ । ਜਦੋਂ ਇਹ ਸ਼ਰੇਣੀ ਕਿਸੇ ਹੁਕਮੀ ਖੇਡ ਵਿਚ, ਸਿਥਿਲ (Static) ਹੋ ਜਾਂਦੀ ਹੈ ਜਾਂ ਮਾਨਵੀ ਕਦਰਾਂ ਕੀਮਤਾਂ ਦਾ ਸੰਤੁਲਨ ਵਿਗੜ ਜਾਂਦਾ ਹੈ ਤਾਂ ਇਸ ਵਿਗੜੇ ਸੰਤੁਲਨ ਨੂੰ ਮੁੜ ਚੂਥੀ ਵਿਚ ਕਰਨ ਲਈ ਕਰਤਾ ਪੁਰਖ ਜੀ ਕੋਈ ਵਿਸ਼ੇਸ਼ ਅਚੰਭਿਤ ਕਲਾ ਵਰਤੌਂਦੇ ਹਨ । ਕਦੇ ਕਦੇ ਤਾਂ "ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥" ਤਥਾ "ਕਈ ਬਾਰ ਪਸਰਿਓ ਪਾਸਾਰ ॥" ਵਾਲਾ ਹੁਕਮ ਵਰਤਾਕੇ ਤਮਾਸ਼ਾ ਰਚਨ ਵਾਲਾ 'ਮਦਾਰੀ' ਆਪਣਾ ਥੈਲਾ ਸਮੇਟ ਭੀ ਲੈਂਦਾ ਹੈ ।

ਖੈਰ ! ਇਹ ਆਪਣੇ ਆਪ ਵਿਚ ਇਕ ਲੰਮੀ ਵਿਚਾਰ ਹੈ । ਹਰ ਇਕ ਨਿੱਕੀ ਵੱਡੀ ਗੱਲ ਜਾਂ ਘਟਨਾ ਨੂੰ ਸਪਸ਼ਟ ਸਮਝਣ ਵਿਚ "ਹੁਕਮ" ਤੇ ਸੰਤੁਲਨ



www.AKJ.Org

ਦੀ ਥਯੂਰੀ (theory of balances) ਹੀ ਸਹਾਇਕ ਹੁੰਦੀ ਹੈ।

ਇਸ ਸਮਾਜ ਸੇਵੀ ਸ਼ਰੇਣੀ ਦੇ ਮੁਕਟ ਮਣੀ ਹਨ ਹਰੇਕ ਧਰਮ ਵਿਚ ਹੋਏ ਅਧਿਆਤਮੀ ਮਹਾਂ ਪੁਰਖ। ਇਨ੍ਹਾਂ ਆਤਮਕ ਔਜ ਦੇ ਅਨੁਭਵੀ ਪੰਧਾਊਆਂ ਨੇ ਮਨੁਖੀ ਸਮਾਜ ਨੂੰ ਧਰਮ ਆਸਰਤ ਉਤਪਨ ਹੋਈਆਂ ਮਾਨਵੀ ਕੀਮਤਾਂ ਨਾਲ ਸ਼ਸ਼ੋਭਿਤ ਕੀਤਾ ਤੇ ਖੂਬਸੂਰਤ ਬਣਾਇਆ ਹੈ। ਮਸਲਿਨ ਪ੍ਰੋਪਕਾਰ, ਨਿਸ਼ਕਾਮ ਸੇਵਾ, ਵਿਸ਼ਾਲ ਪਰੇਮ, ਮਾਨਵੀ ਸਰਬ ਸਾਂਝ ਤੇ ਬ੍ਰੇਬਰਤਾ ਦੇ ਨਾਂ ਤੇ ਇਨਸਾਨੀ ਹਮਦਰਦੀ, ਸਰਬੱਤ ਮਨੁੱਖੀ ਭਾਈਚਾਰੇ ਵਿਚ ਇਕੋ ਹਿਰਦੇ (universal mind) ਦੀ ਅਨੁਭਵਤਾ ਆਦਿ ਇਸ ਮੁਕਟਮਣੀ ਸ਼ਰੇਣੀ ਦੀ ਦੇਣ ਹੈ। ਇਸ ਅਧਿਆਤਮੀ ਸਮਾਜ ਸੇਵੀ ਸ਼ਰੇਣੀ ਵਿਚ ਭੀ ਸੰਸਾਰ ਅੰਦਰ ਗੁਰੂ ਨਾਨਕ ਦੇ ਘਰ ਦੀ ਪ੍ਰਧਾਨਤਾ ਹੈ ਅਤੇ ਇਸ ਦੀ ਭੀ ਸੰਪੂਰਨਤਾ ਹੋਈ ਹੈ ਸ੍ਰੀ ਕਲਗੀਧਰ ਜੀ ਦੇ ਖਾਲਸਾ ਆਦਰਸ਼ ਦੇ ਸੰਸਾਰ ਸਾਹਵੇਂ ਵਿਦਵਾਨ ਹੋਣ ਤੇ।

ਇਸ ਖਾਲਸਈ ਆਦਰਸ਼ ਜਾਂ ਰਹਿਤ ਮਰਯਾਦਾ ਦੇ ਮਾਪ ਤੋਲ ਲਈ ਜੋ ਪੰਥ ਵਿਚ ਇਸ ਵੇਲੇ ਕੋਈ ਜੱਥਾ ਹੈ ਤਾਂ-ਬਾਵਜੂਦ ਕੁਛ ਪ੍ਰਤੱਖ ਮਾਨਸਿਕ ਤਰੁਟੀਆਂ ਦੇ ਬੈਕੁੰਠਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਕੀਰਤਨ ਤੇ ਨਾਮ ਰਸੀਏ ਗਿਣਤੀ ਦੇ ਹੀ ਸੰਗੀ ਸਾਥੀ ਹਨ। ਇਨ੍ਹਾਂ ਸਤਰਾਂ ਦੇ ਲਿਖਾਰੀ ਦੀ ਇਹ ਰਾਇ ਕਿਉਂ ਤੇ ਕਿਵੇਂ ਹੈ, ਇਸ ਦਾ ਵਿਸਥਾਰ ਆਪਣੇ ਤਾਜ਼ਾ ਅੱਖੀਂ ਡਿੱਠੇ ਤੇ ਮਾਣੇ ਇਨ੍ਹਾਂ ਦੇ ਕੁਝ ਕੁ ਸ਼ੁਭ ਸਮਾਗਮਾਂ ਦੇ ਆਧਾਰ ਤੇ, ਫਿਰ ਕਦੀ ਦਿੱਤਾ ਜਾਵੇਗਾ।

ਜਿਨ੍ਹਾਂ ਭੀ ਮਾਨਯੋਗ ਵਯਕਤੀਆਂ ਦੇ ਸਿਰ ਇਸ ਵੇਲੇ ਖਾਲਸਾ ਸਮਾਜ ਦੀ ਵਿਗੜੀ ਹੋਈ ਤਾਣੀ ਅਥਵਾ ਆਪਣੀ ਚੂਥੀ ਵਿਚੋਂ ਹਿੱਲੀ ਹੋਈ ਸਥਿਤੀ ਨੂੰ ਸਵਾਰਨ ਦੀ ਮੁਖੀ ਜ਼ਿਮੇਂਦਾਰੀ ਹੈ ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਬੈਕੁੰਠਵਾਸੀ ਭਾਈ ਸਾਹਿਬ ਜੀ ਦਾ ਰਚਿਆ ਹੋਇਆ ਖਾਲਸਈ ਸਹਿਤ ਪੜ੍ਹਨ ਵਿਚਾਰਨ ਤੇ ਉਨ੍ਹਾਂ ਦੇ ਸੰਗਤੀਆਂ ਦੀ ਅਮਲੀ ਰਹਿਤ ਮਰਯਾਦਾ ਦੀ ਘੋਖ ਕਰਨ।


## ਧੰਨਵਾਦ !

ਭਾਈ ਸਾਹਿਬ ਅਵਤਾਰ ਸਿੰਘ ਜੀ ਮੁਗਲ ਸਰਾਏ ਨੇ ਗੁਰਮਤਿ ਪਰਚਾਰਕ "ਸੂਰਾ" ਲਈ ੧੦) ਦਸ ਦਮੜੇ ਸਹਾਇਤਾ ਭੇਜੇ ਹਨ। ਧੰਨਵਾਦ !

— ਮੈਨੇਜਰ




www.AKJ.Org

# ਗੁਰੂ ਗ੍ਰੰਥ ਤੇ ਪੰਥ

[ਭਾਈ ਸਾਹਿਬ ਕ੍ਰਿਪਾਲ ਸਿੰਘ ਜੀ ਲੁਧਿਆਣਾ]

*

ਹਰ ਪ੍ਰਾਣੀ ਮਾਤ੍ਰ ਇਸ ਜਗ ਵਿਚ ਆਪਣਾ ਜੀਵਨ ਸਫ਼ਲ ਕਰਨਾ ਚਾਹੁੰਦਾ ਹੈ, ਭਾਵ ਆਪਣਾ ਉਧਾਰ ਕਰਨਾ ਲੋੜਦਾ ਹੈ, ਜਾਂ ਨਿਜ ਘਰ ਵਸਣਾ ਚਾਹੁੰਦਾ ਹੈ । ਸੁਖਾਂ ਦੁਖਾਂ ਤੋਂ ਸਦਾ ਲਈ ਆਜ਼ਾਦ ਹੋ ਕੇ ਸਹਿਜ ਪਦ ਦੀ ਪ੍ਰਾਪਤੀ ਕਰਕੇ ਸਦਾ ਆਨੰਦ ਮਗਨ ਰਹਿੰਦਾ ਹੋਇਆ, ਇਹ ਲੋਕ ਸੁਖੀ ਪ੍ਰਲੋਕ ਸੁਹੇਲੇ ਦਾ ਮਹਾਂ ਰਸ ਮਾਣਦਾ ਹੋਇਆ, ਸੱਚਖੰਡ ਦਾ ਵਾਸੀ ਹੋਣਾ ਚਾਹੁੰਦਾ ਹੈ । ਇਹ ਸਭ ਕੁਝ ਪੂਰੇ ਸਤਿਗੁਰੂ ਦੀ ਸ਼ਰਣ ਵਿਚ ਜਾ ਕੇ ਹੀ ਪ੍ਰਾਪਤ ਕਰ ਸਕੀਦਾ ਹੈ । ਕਿਉਂਕਿ – "ਗੁਰ ਸਰਣਾਈ ਸੁਖੁ ਲਹਹਿ" ॥

(ਸਿਰੀ ਰਾਗੁ ਮਹਲਾ ੩)

ਪੁਨਾ–ਗੁਰ ਸਰਣਾਈ ਭਜਿ ਪਏ, ਬਖਸੇ ਬਖਸਣ ਹਾਰ ॥

(ਆਸਾ ਮਹਲਾ ੩)

ਭਾਈ ਸਾਹਿਬ ਗੁਰਦਾਸ ਜੀ ਭੀ ਪੂਰੇ ਸਤਿਗੁਰੂ ਦੀ ਸ਼ਰਣ ਵਿਚ ਜਾਣ ਲਈ ਹੇਠ ਲਿਖੇ ਕਬਿਤ ਵਿਚ ਜ਼ੋਰ ਦਿੰਦੇ ਹਨ ।

ਯਥਾ–ਜੈਸੇ ਨਾਉ ਬੂਡਤਿ ਸੇ, ਜੋਈ ਬਚੈ ਸੋਈ ਭਲੋ,
ਬੂਡ ਗਏ ਪਾਛੈ ਪਛਤਾਯੋ ਰਹਿ ਜਾਤ ਹੈ ।
ਜੈਸੇ ਘਰ ਲਾਗੈ ਆਗ, ਜੋਈ ਬਚੈ ਸੋਈ ਭਲੋ,
ਜਰੇ ਬੁਝੇ ਪਾਛੈ ਕਛੁ ਬਸ ਨ ਬਸਾਤ ਹੈ ।
ਜੈਸੇ ਚੋਰ ਲਾਗੇ ਜਾਗੈ ਜੋਈ ਰਹੈ ਸੋਈ ਭਲੋ,
ਸੋਇ ਗਏ ਰੀਤੇ* ਘਰ ਦੇਖੈ ਉਠ ਪ੍ਰਾਤ ਹੈ ।
ਤੈਸੇ ਅੰਤ ਕਾਲ ਗੁਰ ਚਰਨ ਸ਼ਰਨ ਆਵੈ,
ਪਾਵੈ ਮੋਖ ਪਦਵੀ ਨਤੁਰ† ਬਿਲਲਾਤ ਹੈ ।

(ਕਬਿੱਤ ਭਾ: ਗੁ: ੬੯)

---

*ਖਾਲੀ ।   †ਨਹੀਂ ਤਾਂ ।



www.AKJ.Org

ਭਾਵ—ਪੂਰੇ ਗੁਰੂ ਦੀ ਸ਼ਰਣ, ਭਾਣੇ ਹੁਕਮ ਵਿਚ ਰਹਿ ਕੇ ਹੀ ਨਾਮ ਸਿਮਰਨ ਦੁਆਰਾ ਲੋਕ ਪ੍ਰਲੋਕ ਦੇ ਸੁਖ ਪ੍ਰਾਪਤ ਹੋ ਸਕਦੇ ਹਨ।

ਜੈਸਾ ਕਿ ਗੁਰੂ ਹੁਕਮ ਹੈ :—

ਸੇਵਕ ਸਿਖ ਪੂਜਣ ਸਭਿ ਆਵਹਿ,
ਸਭਿ ਗਾਵਹਿ ਹਰਿ ਹਰਿ ਉਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਥਾਇ ਪਾਵੈ,
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮਾਨੀ ॥

(ਧਨਾਸਰੀ ਮਹਲਾ ੪)

ਪੁਨਾ—ਗੁਰਸਿੱਖੀ ਦਾ ਕਰਮ ਇਹ, ਗੁਰੁ ਫੁਰਮਾਏ ਗੁਰਸਿੱਖ ਕਰਣਾ ॥

(ਵਾਰਾਂ ਭਾ: ਗੁਰਦਾਸ)

ਸੋ ਜੇਕਰ ਅਸੀਂ ਗੁਰੂ ਦੇ ਹੁਕਮ ਸਤਿ ਕਰਕੇ ਮੰਨਾਂਗੇ, ਤਾਂ ਹੀ ਸਾਡੇ ਭਉ, ਗੁਰੂ ਕ੍ਰਿਪਾ ਦੁਆਰਾ ਕਟੇ ਜਾਣਗੇ, ਭਾਵ ਸਾਡੇ ਡਰ ਦੂਰ ਹੋਣਗੇ। ਸਭ ਤੋਂ ਪਹਿਲਾਂ ਸਾਨੂੰ ਮਨ ਦੇ ਕਿਵਾੜ (ਦਰਵਾਜ਼ੇ) ਖੋਹਲ ਕੇ ਅੰਦਰ ਝਾਤ ਮਾਰਨ ਦੀ ਲੋੜ ਹੈ ਕਿਉਂਕਿ —

"ਸਾਧੋ ਇਹ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤ ਹੈ, ਯਾਤੇ ਥਿਰੁ ਨ ਰਹਾਈ ॥

(ਗਉੜੀ ਮਹਲਾ ੯)

ਭਾਵ—ਇਹ ਮਨ, ਮਨਮੁਖ ਤੇ ਅਜਿਤ ਹੈ। ਦ੍ਵੈਸ਼ ਵਿਚ ਲੱਗਾ ਹੋਇਆ ਹੈ, ਜਦੋਂ ਤਕ ਇਹ ਮਨ ਸਨਮੁਖ ਨਹੀਂ ਹੁੰਦਾ, ਉਦੋਂ ਤਕ ਇਸ ਨੂੰ ਸੁਖ ਨਹੀਂ, ਦੁਖੀ ਹੀ ਰਹੇਗਾ।

ਹਾਂ ਗੁਰੂ ਦੀ ਕ੍ਰਿਪਾ ਨਾਲ, ਪ੍ਰੇਮ ਵਿਚ ਆਕੇ, ਵਡੇ ਭਾਗਾਂ ਨਾਲ ਆਪਣੇ ਘਰ ਵਿਚ ਨਿੱਜਸਰੂਪ ਵਿਚ ਵਸੇਗਾ, ਗੁਰੂ ਦੇ ਡਰ ਨਾਲ ਮਨ ਵਸ ਵਿਚ ਹੋਵੇਗਾ ਤਾਂ ਗੁਰੂ ਦਾ ਸ਼ਬਦ ਇਸ ਦੀ ਹਉਮੈ ਨੂੰ ਜਲਾ ਦੇਵੇਗਾ।

ਯਥਾ--'ਮਨ ਖੁਟਹਰ ਤੇਰਾ ਨਹੀ ਬਿਸਾਸੁ, ਤੂੰ ਮਹਾ ਉਦਮਾਦਾ ॥
ਖਰ ਕਾ ਪੈਖਰੁ ਤਉ ਛੁਟੈ, ਜਉ ਊਪਰਿ ਲਾਦਾ ॥

(ਬਿਲਾਵਲ ਮਹਲਾ ੫)

ਭਾਵ-ਐ ਖੋਟੇ ਮਨ ! ਤੇਰਾ ਕੋਈ ਇਤਬਾਰ ਨਹੀਂ, ਤੂੰ ਬੜਾ ਹੀ ਹੰਕਾਰੀ ਹੈਂ, ਤੇਰੇ ਜਹੇ ਖੋਟੇ ਦੇ ਪੈਰਾਂ ਦੇ ਬੰਧਨ ਤਾਂ ਹੀ ਖੁਲ੍ਹਦੇ ਹਨ, ਜਦੋਂ ਤੇਰੇ ਉਪਰ ਗੁਰੂ ਦੀ ਕ੍ਰਿਪਾ ਦਵਾਰਾ ਵਿਦਯਾ, ਵਿਚਾਰ, ਪਰਉਪਕਾਰ, ਖਲਕਤ ਦੀ ਸੇਵਾ, ਅਤੇ ਖਿਨ ਖਿਨ ਸਾਸ ਗਿਰਾਸ ਨਾਮੁ ਸਿਮਰਨ ਦਾ ਬੋਝ ਲਦਿਆ



www.AKJ.Org

ਜਾਏ। ਅਜੇਹੇ ਮਨ ਦੇ ਕੋਠੇ ਦੀ 'ਕੁੰਜੀ' ਪੂਰੇ ਸਤਿਗੁਰੂ ਕੋਲ ਹੀ ਹੈ। ਮਨ ਕੋਠੇ ਦੇ ਬੂਹੇ ਦਾ ਜਿੰਦਰਾ (ਤਾਲਾ) ਖੁਲ੍ਹੇ ਬਗੈਰ ਅੰਦਰ (ਅਗਯਾਨ) ਹਨੇਰਾ ਹੈ। ਇਸ ਜਿੰਦਰੇ ਨੂੰ ਸਤਿਗੁਰੂ ਨੇ ਆਪਣੀ ਕ੍ਰਿਪਾ ਦੁਆਰਾ ਖੋਹਲ ਕੇ ਹਨੇਰਾ (ਅਗਯਾਨ) ਦੂਰ ਕਰਨਾ ਹੈ, ਤਾਂ ਹੀ ਅਸੀਂ ਕਿਸੇ ਵਸਤੂ ਨੂੰ ਲਭ ਸਕਦੇ ਹਾਂ, ਭਾਵ-ਤਾਂਹੀ ਉਪਰ ਦਸੀਆਂ ਅਵਸਥਾਂ ਅਤੇ ਗੁਰਮੁਖ ਪਦ ਮੋਖ ਪਦ ਆਦਿ ਨੂੰ ਪ੍ਰਾਪਤ ਕਰ ਸਕਦੇ ਹਾਂ।

ਯਥਾ–ਗੁਰੁ ਕੁੰਜੀ ਪਾਹੂ ਨਿਵਲ, ਮਨ ਕੋਠਾ ਤਨ ਛਤਿ ॥
ਨਾਨਕ ਗੁਰ ਬਿਨ ਮਨ ਕਾ ਤਾਕ ਨ ਉਘੜੈ,
ਅਵਰਿ ਨ ਕੁੰਜੀ ਹਥਿ ॥ (ਮਹਲਾ ੨ ਵਾਰ ਸਾਰੰਗ)

ਪੁਨਾ–ਬਿਨੁ ਸਬਦੈ ਅੰਤਰਿ ਆਨ੍ਹੇਰਾ, ਨ ਵਸਤੁ ਲਹੈ ਨ ਚੂਕੈ ਫੇਰਾ ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ,
ਗੁਰ ਪੂਰੈ ਭਾਗਿ ਮਿਲਾਵਣਿਆ ॥
(ਮਾਝ ਮਹਲਾ ੩ ਅਸਟਪਦੀ)

ਗੁਰ ਪੂਰਾ ਹੀ ਇਸ ਆਸਾਰ ਸੰਸਰਿ, ਭਵਸਾਗਰ ਤੋਂ ਪਾਰ ਉਤਾਰਨ ਲਈ ਸਮਰੱਥ ਹੈ।

ਯਥਾ--ਇਹ ਭਉਜਲੁ ਜਗਤੁ ਸੰਸਾਰੁ ਹੈ, ਗੁਰੁ ਬੋਹਿਥ ਨਾਮਿ ਤਰਾਇ ॥
ਗੁਰਸਿਖੀ ਭਾਣਾ ਮੰਨਿਆ, ਗੁਰੁ ਪੂਰਾ ਪਾਰਿ ਲੰਘਾਇ ॥
(ਵਾਰਾਂ ਤੇ ਵਧੀਕ ਸਲੋਕ ਮਹਲਾ ੪)

ਆਦਿ ਗੁਰੂ ਹੁਕਮਾਂ ਤੋਂ ਸਪਸ਼ਟ ਸਿੱਧ ਹੈ, ਸੋ ! ਐਸੇ ਪੂਰਨ ਗੁਰੂ ਦੀ ਸ਼ਰਨ ਲਿਆਂ ਹੀ ਪਾਰਨਿਸਤਾਰਾ ਹੋ ਸਕਦਾ ਹੈ। ਐਸਾ ਵਲੀ, ਸੂਰਮਾ ਗੁਰੂ ਹੀ ਸਾਡੇ ਚੌਰਾਸੀ ਲੱਖ ਜੂਨਾਂ ਦੇ ਬੰਧਨ ਤੋੜਨ ਲਈ ਸਮਰੱਥ ਹੈ। ਐਸੇ ਖੜਗਧਾਰੀ ਸੂਰਬੀਰ ਗੁਰੂ ਨੇ ਹੀ ਸਾਨੂੰ ਕਲਜੁਗੀ ਜੀਵਾਂ ਨੂੰ 'ਗੁਰਮਤਿ ਨਾਮ' ਬਖ਼ਸ਼ ਕੇ ਨਿਗੁਰਿਆਂ ਤੇ 'ਸਗੁਰੇ' ਗੁਰੂ ਵਾਲੇ ਕਰਕੇ ਆਪਣੀ ਸ਼ਰਣ ਵਿਚ ਲੈ ਕੇ ਸਾਡਾ ਹਲਤ ਪਲਤ ਸਵਾਰਨਾ ਹੈ, ਬਲਕਿ ਸਾਨੂੰ ਜੀਅ ਨਾਲ ਸੰਭਾਲਕੇ, ਮਾਤਾ ਪਿਤਾ ਵਾਂਗ ਪ੍ਰਿਤਪਾਲਨਾ ਹੈ।

ਯਥਾ–ਬੰਧਨ ਕਾਟਿ ਬਿਸਾਰੇ ਅਉਗਨ, ਅਪਨਾ ਬਿਰਦੁ ਸਮਾਰਿਆ ॥
ਹੋਇ ਕ੍ਰਿਪਾਲ ਮਾਤ ਪਿਤ ਨਿਆਈ, ਬਾਰਿਕ ਜਿਉ ਪ੍ਰਿਤਿਪਾਰਿਆ ॥
ਗੁਰਸਿਖ ਰਾਖੇ ਗੁਰ ਗੋਪਾਲ,
ਕਾਢਿ ਲੀਏ ਮਹਾ ਭਵਜਲ ਤੇ, ਅਪਨੀ ਨਦਰਿ ਨਿਹਾਲ ॥
(ਆਸਾ ਮਹਲਾ ੫)



www.AKJ.Org

ਐ ! ਸੰਸਾਰ ਵਾਸੀਓ ! ਅਜੇਹੇ ਗੁਰ ਸੂਰਮੇ ਦੀ ਸ਼ਰਨ ਵਿਚ ਆਓ । ਆਓ ! ਗੁਰੂ ਜੋਧੇ ਪਰਉਪਕਾਰੀ ਤੋਂ "ਨਾਮ" ਅੰਮ੍ਰਿਤ ਛਕ ਕੇ ਸਦਾ ਸਦਾ ਅਮਰ ਆਨੰਦ ਮਾਣੋ । ਕਿਉਂਕਿ ਪੂਰੇ ਗੁਰੂ ਨੂੰ ਭੇਟਕੇ-ਮਿਲਕੇ ਹੀ :-

"ਹਰਿ ਸਿਮਰਨਿ ਤੇਰਾ ਹੋਇ ਉਧਾਰੁ ॥
ਜਨਮ ਜਨਮ ਕਾ ਉਤਰੈ ਭਾਰੁ ॥ ੩ ॥
(ਰਾਮਕਲੀ ਮਹਲਾ ੫)

ਦੀ ਕਲਾ ਵਰਤ ਜਾਂਦੀ ਹੈ । ਗੁਰੂ ਦੀ ਕ੍ਰਿਪਾ ਨਾਲ ਜਨਮਾਂ ਜਨਮਾਤ੍ਰਾਂ ਦੇ ਭਾਰ ਉਤਰ ਕੇ "ਉਧਾਰ, ਪਾਰ ਨਿਸਤਾਰਾ" ਹੋ ਜਾਂਦਾ ਹੈ । ਐ ਸੰਸਾਰੀਓ ! ਪੂਰੇ ਗੁਰੂ ਨੂੰ ਮਿਲੋ ਤੇ ਸਹੀ, ਫਿਰ ਦੇਖੋ ਕਿਵੇਂ ਭਰਮ ਦੀਆਂ ਕੰਧਾਂ ਢਹਿੰਦੀਆਂ ਹਨ ਅਤੇ ਆਲ ਜੰਜਾਲਾਂ ਤੋਂ ਫ਼ਾਰਗ ਹੁੰਦੇ ਹੋ ।

ਯਥਾ—ਹਰਿ ਹਰਿ ਨਾਮ ਧਿਆਇਆ, ਭੇਟਿਆ ਗੁਰੁ ਸੂਰਾ ॥
(ਗਉੜੀ ਮਹਲਾ ੩)

ਪੁਨਾ—ਢਾਠੀ ਭੀਤ ਭਰੰਮ ਕੀ ਭੇਟਤ ਗੁਰ ਸੂਰਾ ॥
(ਆਸਾ ਮਹਲਾ ੫ ਛੰਤ)

ਭਾਵ—ਪੂਰੇ ਗੁਰੂ ਨੂੰ ਮਿਲ ਕੇ ਹੀ ਨਾਮ ਧਿਆਇਆ ਜਾਂਦਾ ਹੈ । ਸੂਰਮੇ ਗੁਰੂ ਨੂੰ ਮਿਲਕੇ ਭਰਮ ਦੂਰ ਹੁੰਦੇ ਹਨ । ਭਰਮਾਂ ਦੀ ਕੰਧ ਢਹਿੰਦੀ ਹੈ ।

ਯਥਾ—ਪੂਰਾ ਸਤਿਗੁਰੁ ਭੇਟਿਆ, ਬਿਨਸਿਆ ਸਭ ਜੰਜਾਲ ॥
(ਸਿਰੀ ਰਾਗੁ ਮਹਲਾ ੫)

ਭਾਵ—ਗੁਰੂ ਪੂਰੇ ਨੂੰ ਮਿਲਕੇ ਜਨਮ ਮਰਨ ਦੇ ਪਾਪਾਂ ਸਰਾਪਾਂ ਦੇ ਸਭ ਜੰਜਾਲ ਬਿਨਸ ਜਾਂਦੇ ਹਨ, ਮਰ ਮੁੱਕ ਜਾਂਦੇ ਹਨ । ਅਨਮਤੀ ਰੀਤਾਂ, ਰਸਮੋ ਰਿਵਾਜ਼ਾਂ ਦੇ ਭੀ ਸਭ ਜੰਜਾਲ ਹੀ ਹਨ । ਗੁਰੂ ਦੀ ਕ੍ਰਿਪਾ ਨਾਲ, ਗੁਰਮਤੀਏ ਬਣਕੇ, ਅਨਮਤੀ, ਮਨਮਤੀ, ਸਭ ਜੰਜਾਲਾਂ ਤੋਂ ਛੁਟਕਾਰਾ ਪਾ ਲਈਦਾ ਹੈ ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਸ ਸੰਸਾਰ ਵਿਚ ਅਜੇਹਾ ਬੰਦੀ ਛੋੜ, ਸੱਚਾ ਸਤਿਗੁਰੂ ਕਿਹੜਾ ਹੈ ? ਓਹ ਹੈਨ ਸੱਚੇ ਪਾਤਸ਼ਾਹ, ਗਰੀਬ ਨਿਵਾਜ਼, ਪਰਮ ਕ੍ਰਿਪਾਲੂ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਦਸੇ ਗੁਰੂ ਸਾਹਿਬਾਨ, ਜਿਨ੍ਹਾਂ ਦੀ 'ਗੁਰਗੱਦੀ' ਤੇ ਜ਼ਮਾਨਾ ਹਾਲ ਵਿਚ, ਜੁਗੋ ਜੁਗ ਅਟੱਲ ਗੁਰੂ "ਗੁਰੂ ਗ੍ਰੰਥ ਤੇ ਪੰਥ" ਬਿਰਾਜਮਾਨ ਹਨ ।



www.AKJ.Org

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧੀਨ ਹੀ 'ਖਾਲਸਾ ਪੰਥ' ਗੁਰੂ ਸਰੂਪ ਹੈ। ਸੁਤੰਤ੍ਰ ਨਹੀਂ ਕਿਉਂਕਿ ਆਤਮਾ ਮੁਖ ਹੈ ਅਤੇ 'ਦੇਹ' ਉਸ ਤੋਂ 'ਸੱਤਾ' ਸਫੁਰਤੀ ਲੈਣ ਵਾਲੀ ਹੋਣ ਕਰਕੇ ਅਧੀਨ ਹੀ ਹੋਇਆ ਕਰਦੀ ਹੈ। ਤ੍ਰੈਕਾਲ ਦਰਸੀ ਘਟ ਘਟ ਕੇ ਜਾਨਣਹਾਰ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਪਤਾ ਸੀ ਕਿ ਪ੍ਰਿਥੀਆ ਮੀਣਿਆਂ ਵਾਂਗ, ਜਿਦਾਂ ਕਿ ਬਾਬੇ ਬਕਾਲੇ ਵਿਚ ੨੨ ਮੰਜੀਆਂ ਡਾਹ ਬੈਠੇ ਸਨ, ਜੇ ਕੋਈ ਪੱਕਾ ਇਲਾਜ ਨ ਕੀਤਾ ਗਿਆ, ਤਾਂ ਅਗੇ ਨੂੰ ਭੀ ਇਹ ਕੱਚ ਪਿੱਚ ਦੇਹਧਾਰੀ, ਗੁਰੂ ਬਣ ਬਣ ਗੱਦੀਆਂ ਤੇ ਬੈਠ ਸਾਧਾਰਨ ਲੋਕਾਂ ਦੇ ਅੱਖੀਂ ਘੱਟਾ ਪਾ ਲੁਟ ਕਸੁਟ ਜਾਰੀ ਰਖਣ ਦੇ ਜਤਨ ਕਰਦੇ ਰਹਿਣਗੇ। ਏਸ ਲਈ ਇਨ੍ਹਾਂ ਪਾਖੰਡੀਆ ਤੋਂ ਸਿੱਖਾਂ ਨੂੰ ਬਚਾਉਣ ਖਾਤਰ ਅਤੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਅਗੇ ਲਈ 'ਦੇਹਧਾਰੀ ਗੁਰੂ ਦੀ ਪਦਵੀ' ਬੰਦ ਕਰਕੇ ਗੁਰਗੱਦੀ ਦਸੋਂ ਪਾਤਸ਼ਾਹੀਆਂ ਦੇ 'ਆਤਮਾ' ਸਰੂਪ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਅਤੇ ਇਨ੍ਹਾਂ ਦੀ ਤਾਬਿਆ 'ਦੇਹ' ਸਰੂਪ 'ਖਾਲਸਾ ਪੰਥ' ਨੂੰ ਬਖਸ਼ੀ ਹੈ। ਏਸ ਤਰ੍ਹਾਂ ਦੇਹਧਾਰੀ ਅਕੱਲੀ ਵਯਕਤੀ ਦਾ ਗੁਰੂ ਬਣ ਬੈਠਣ ਦਾ ਸਦਾ ਲਈ ਫਸਤਾ ਹੀ ਮੁਕਾ ਦਿਤਾ ਹੈ।

(ਚਲਦਾ)


## ਲੁਧਿਆਣੇ ਵਿਖੇ ਭੀ ਸਬ ਆਫ਼ਿਸ ਖੁਲ੍ਹ ਗਿਆ

ਸੰਗਤਾਂ ਇਹ ਜਾਣ ਕੇ ਪ੍ਰਸੰਨ ਹੋਣਗੀਆਂ ਕਿ ਗੁਰਮਤਿ ਪਰਚਾਰਕ ਮਾਸਕ ਪੱਤਰ "ਸੂਰਾ" ਵਧ ਤੋਂ ਵਧ ਸੰਗਤਾਂ ਦੇ ਹੱਥਾਂ ਵਿਚ ਪਹੁੰਚਾਣ ਲਈ ਲੁਧਿਆਣੇ ਸ਼ਹਿਰ ਵਿਖੇ ਭੀ ਸਬ-ਆਫ਼ਸ ਖੋਲ੍ਹ ਦਿਤਾ ਗਿਆ ਹੈ। ਸੋ ਹੁਣ ਸੰਗਤਾਂ ਹੇਠ ਲਿਖੇ ਪੱਤੇ ਤੇ ਭੀ ਮਾਸਕ ਪੱਤਰ "ਸੂਰਾ" ਲਈ ਚੰਦਾ ਭੇਜ ਸਕਦੀਆਂ ਹਨ।

ਭਾਈ ਅਜੀਤ ਸਿੰਘ ਜੀ
ਵਿਯੋਗੀ ਨਿਕੇਤਨ,
ਫੀਲਡ ਗੰਜ ਲੁਧਿਆਣਾ




www.AKJ.Org

# ਆਇਓ ਸੁਨਨ ਪੜਨ ਕਉ ਬਾਣੀ

[ਭਾਈ ਸਾਹਿਬ ਅਜੀਤ ਸਿੰਘ ਜੀ ਓਵਰਸੀਅਰ ਕੋਟ ਕਪੂਰਾ]

****

ਪ੍ਰਭੂ ਨੇ ਕਲਜੁਗੀ ਜੀਵਾਂ ਦੀ ਪੁਕਾਰ ਸੁਣ ਕੇ ਜੱਗ ਵਿਚ ਨਿਰੰਕਾਰੀ ਜੋਤ ਦਾ ਪਰਕਾਸ਼ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਪਰਗਟ ਹੋਏ । ਸੁਹਣੇ ਗੁਰੂ ਨੇ ਜਗ ਨਿਸਤਾਰੇ ਦਾ ਸੁਹਣਾ ਉਪਾ ਸੋਚਿਆ। ਨਿਰਮਲ ਪੰਥ (ਸਿਖ ਮਤ) ਦੀ ਨੀਂਹ ਰਖਦਿਆ ਨਿਰੰਕਾਰੀ ਨਾਨਕ ਜੀ ਨੇ ਨਿਰੰਕਾਰੀ ਬਾਣੀ ਦੀ ਰਚਨਾ ਸ਼ੁਰੂ ਕੀਤੀ ਜਿਸ ਦੇ ਪੜਨ ਸੁਨਣ ਨਾਲ ਵੀ ਉਹੋ ਦਰਜਾ ਪਰਾਪਤ ਹੋਣ ਲਗ ਪਿਆ ਜਿਹੜਾ ਇਸਦੇ ਰਚਨਹਾਰ ਨੂੰ ਪਰਾਪਤ ਸੀ, ਇਸ ਤਰ੍ਹਾਂ ਸਤਿਗੁਰਾਂ ਦੀ ਇਹ ਇਕ ਸਭ ਤੋਂ ਉਤਮ ਦਾਤ ਸਾਬਤ ਹੋਈ । ਮਹਾਂ ਉਪਕਾਰ ਨੂੰ ਜਾਰੀ ਰਖਦਿਆਂ ਹੋਇਆਂ ਬਾਕੀ ਗੁਰੂ ਸਾਹਿਬਾਂ ਨੇ ਵੀ ਇਸਦੀ ਸੰਭਾਲ ਅਤੇ ਰਚਨਾ ਜਾਰੀ ਰਖੀ। ਇਸ ਮਹਾਂ ਪਵਿਤਰ ਅਕਾਲੀ ਬਾਣੀ ਦਾ ਕੋਈ ਵੀ ਮੁਲ ਨਹੀਂ ਪਾ ਸਕਦਾ। ਇਸ ਤੇ ਜਿਤਨਾ ਮਾਣ ਕੀਤਾ ਜਾਵੇ, ਉਤਨਾ ਹੀ ਥੋੜਾ ਹੈ । ਸਾਡੇ ਕੋਲ ਅਜਿਹੀ ਕੋਈ ਵੀ ਵਸਤੂ ਨਹੀਂ ਜਿਹੜੀ ਸਤਿਗੁਰਾਂ ਦੇ ਇਸ ਮਹਾਂ ਪਰਉਪਕਾਰ ਦੇ ਇਵਜ਼ ਵਿਚ ਅਰਪਣ ਕੀਤੀ ਜਾਵੇ ਅਤੇ ਨਾ ਹੀ ਅਸੀਂ ਕਲਜੁਗੀ ਜੀਵ, ਅਲਪ ਮਤ ਵਾਲੇ ਅਤੇ ਅਵਗੁਣੀ ਭਰਪੂਰ ਇਸ ਦਾਤ ਦੀ ਵਡਿਆਈ ਦਾ ਅੰਦਾਜ਼ਾ ਲਗਾ ਸਕਦੇ ਹਾਂ। ਇਸ ਉਚੀ ਸੁਚੀ ਬਾਣੀ ਦਾ ਉਹੀ ਮੁਲ ਪਾ ਸਕਦਾ ਹੈ ਜਿਹੜਾ ਇਸ ਜੇਵਡ ਊਚਾ ਹੋਵੇ । ਇਹ ਸਚੀ ਬਾਣੀ ਨਿਰੰਕਾਰ ਦੀ ਨਿਜ ਆਪਣੀ ਅਵਾਜ਼ ਹੈ ਜਾਂ ਇਉਂ ਕਹਿ ਲਵੋ ਕਿ ਇਸ ਵਿਚ ਨਿਰੰਕਾਰ ਦਾ ਹੀ ਚਿਤਰ ਖਿਚਿਆ ਗਿਆ ਹੈ ਜਿਹੜਾ ਦਸਾਂ ਗੁਰੂ ਜਾਮਿਆਂ ਦੇ ਰਾਹੀਂ ਪਰਗਟ ਹੋਇਆ। ਨਿਰੰਕਾਰ, ਸਤਿਗੁਰੂ ਅਤੇ ਬਾਣੀ ਵਿਚ ਕੋਈ ਫ਼ਰਕ ਨਹੀਂ, ਜੇ ਫਰਕ ਹੈ ਤਾਂ ਸਾਡੀ ਸਮਝ ਵਿਚ ਹੈ । ਸਤਿਗੁਰਾਂ ਨੇ ਤਾਂ ਇਹ ਪਰਗਟ ਤੌਰ ਤੇ ਆਖ ਦਿਤਾ ਕਿ ਇਹ ਬਾਣੀ ਧੁਰ ਕੀ ਬਾਣੀ ਹੈ, ਰੱਬੀ ਬਾਣੀ ਹੈ ਕਿਉਂਕਿ ਇਸ ਵਿਚ ਉਹੋ ਕੁਝ ਹੀ ਦਰਜ ਹੈ ਜਿਹੜਾ ਮਾਲਕ ਨੇ



www.AKJ.Org

ਹੁਕਮ ਕੀਤਾ ਹੈ :–

"ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥"
(ਸੂਹੀ ਮ: ੫)

"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥"
(ਤਿਲੰਗ ਮ: ੧)

"ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥"
(ਵਡਹੰਸ ਮ: ੧)

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ,
ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥ (ਮ: ੪)

ਗੁਰਬਾਣੀ ਇਕ ਅਥਾਹ ਖਜ਼ਾਨਾ ਹੈ। ਇਸ ਵਿਚ ਹਰ ਤਰ੍ਹਾਂ ਦੇ ਹੀਰੇ ਰਤਨ ਮੌਜੂਦ ਹਨ, ਇਥੇ ਹੀ ਬਸ ਨਹੀਂ ਸਗੋਂ ਸਾਰੇ ਬ੍ਰਹਮੰਡ ਦੀਆਂ ਵਸਤੂਆਂ ਇਸ ਵਿਚ ਹਨ। ਜਿਸ ਵਸਤੂ ਦੀ ਪਰਾਪਤੀ ਕਰਨੀ ਹੋਵੇ ਤਾਂ ਇਸ ਖਜ਼ਾਨੇ ਵਿਚੋਂ ਮਿਲ ਸਕਦੀ ਹੈ। ਗੁਰਮਤਿ ਦੇ ਮਹਾਨ ਫਿਲਾਸਫਰ ਭਾਈ ਗੁਰਦਾਸ ਜੀ ਵੀ ਇਸਦੀ ਸਾਖੀ ਭਰਦੇ ਹਨ :–

ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦਰ ਬਿਖੈ
ਹੰਸ ਮਰਜੀਵਾ ਨਿਹਚੈ ਪ੍ਰਸਾਦਿ ਪਾਵਈ।
ਜੈਸੇ ਪਰਬਤ ਹੀਰਾ ਮਾਨਿਕ ਪਾਰਸਿ ਸਿਧ,
ਖਨਵਾਰਾ ਖਨਿ ਜਗਿ ਵਿਖੈ ਪਰਗਟਾਵਈ।
ਜੈਸੇ ਬਨ ਬਿਖੈ ਮਲਿਆਗਰ, ਕਪੂਰ, ਸੋਧਾ,
ਸੋਧ ਕੈ ਸੁਬਾਸੀ ਸੁਬਾਸੈ ਬਿਹਸਾਵਈ।
ਤੈਸੇ ਗੁਰਬਾਣੀ ਬਿਖੈ ਸਕਲ ਪਦਾਰਥ ਹੈਂ,
ਜੋਈ ਜੋਈ ਖੋਜੈ ਸੋਈ ਸੋਈ ਪਾਵਈ ॥ ੫੪੬ ॥

ਗੁਰਬਾਣੀ ਹੀਰਿਆਂ ਅਤੇ ਰਤਨਾਂ ਦੀ ਖਾਣੀ ਹੈ ਯਾਨੀ ਇਹ ਸਮੁੰਦਰ ਦੀ ਨਿਆਈ ਹੈ ਜਿਸ ਵਿਚ ਹੀਰੇ ਰਤਨ ਆਦਿਕ ਭਰਪੂਰ ਹਨ। ਵਡਭਾਗੀ ਸਜਨ ਜਿਹੜੇ ਇਸ ਨੂੰ ਖੋਜਦੇ ਹਨ ਉਨ੍ਹਾਂ ਦੇ ਇਹ ਅਮੋਲਕ ਖ਼ਜ਼ਾਨਾ ਹੱਥ ਆ ਜਾਂਦਾ ਹੈ : -

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥
ਬਾਣੀ ਗੁਰਬਾਣੀ ਲਾਗੇ ਤਿਨ ਹਥਿ ਚੜਿਆ ਰਾਮ ॥
(ਰਾਗ ਆਸਾ ਮ: ੪)

ਗੁਰ ਪਰਤਾਪ ਸੂਰਜ ਪਰਕਾਸ਼ ਦੇ ਕਰਤਾ ਮਹਾਂ ਕਵੀ ਭਾਈ ਸੰਤੋਖ ਸਿੰਘ


www.AKJ.Org

ਜੀ ਦਸਦੇ ਹਨ ਕਿ ਬਾਣੀ ਗਿਆਨ ਦਾ ਭੰਡਾਰ, ਅੰਮ੍ਰਿਤ ਦਾ ਸਾਗਰ, ਗੁਣਾਂ ਦੀ ਗੁਥਲੀ, ਪ੍ਰੇਮ ਅਤੇ ਖੁਸ਼ੀ ਦਾ ਸੋਮਾ ਹੈ ਜਿਸ ਨਾਲ ਤੀਨੋ ਤਾਪ ਦੀ ਨਿਵਰਤੀ ਹੁੰਦੀ ਹੈ :-

ਸੁਧਾ ਕੀ ਤਰੰਗਨੀ ਸੀ, ਰੋਗ ਭਰਮ ਭੰਗਨੀ ਸੀ,
ਮਹਾਂ ਸ੍ਵੈਤ ਰੰਗਨੀ ਸੀ, ਮਹਾਨ ਮਨ ਮਾਨੀ ਹੈ॥
ਕਿਧੋਂ ਯਹ ਹੰਸਨੀ ਸੀ, ਮਾਨਸਾ ਵਤੰਸਨੀ ਸੀ,
ਗੁਨੀਨ ਪ੍ਰਸੰਸਨੀ ਸੀ, ਸਰਬ ਜਗ ਜਾਨੀ ਹੈ॥
ਕਿਧੋਂ ਚੰਦ ਚਾਂਦਨੀ ਸੀ, ਮੋਹ ਘਾਮ ਮੰਦਨੀ ਹੈ,
ਰਿਦੇ ਕੀ ਅਨੰਦਨੀ, ਸਦੀਵ ਸੁਖ ਦਾਨੀ ਹੈ॥
ਪ੍ਰੇਮ ਪਟਰਾਨੀ, ਸਯਾਨੀ, ਗਯਾਨ ਕੀ ਜਨਨਿ ਜਾਨੀ,
ਗੁਨੀ ਭਨੀ ਬਾਨੀ ਤਾਕੀ ਗੁਰੂ ਗੁਰਬਾਣੀ ਹੈ॥

ਸਤਿਗੁਰਾਂ ਦੀ ਬਾਣੀ ਵਿਚ ਅੰਮ੍ਰਿਤ ਠਾਠਾਂ ਮਾਰ ਰਿਹਾ ਹੈ ਜਿਹੜਾ ਇਸਦਾ ਪਾਠ ਕਰਦਾ ਹੈ, ਅੰਮ੍ਰਿਤ ਦੇ ਛਾਂਦੇ ਭੁੰਜਦਾ ਹੈ।

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ॥
(ਗੂਜਰੀ ਮ: ੪)

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
(ਨਟ ਮ: ੪)

ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ॥
(ਆਸਾ ਮ: ੪)

ਜਿਹੜੇ ਵਡਭਾਗੇ ਸਜਨ ਗੁਰਬਾਣੀ ਦਾ ਆਸਰਾ ਲੈਂਦੇ ਹਨ ਉਨ੍ਹਾਂ ਨੂੰ ਤਾਤਾ ਝੋਲਾ ਵੀ ਨਹੀਂ ਲਗਦਾ। ਉਨ੍ਹਾਂ ਦੇ ਰਸਤੇ ਵਿਚ ਕੋਈ ਮੁਸੀਬਤ ਜਾਂ ਬਲਾ ਨਹੀਂ ਆ ਸਕਦੀ। ਦੁਖ ਦਰਿਦਰ ਅਤੇ ਹੋਰ ਔਕੜਾਂ ਸੈ ਕੋਹਾਂ ਦੂਰ ਚਲੀਆਂ ਜਾਂਦੀਆਂ ਹਨ :-

ਗੁਰ ਕੀ ਬਾਣੀ ਜਿਸੁ ਮਨਿ ਵਸੈ॥ ਦੂਖੁ ਦਰਦੁ ਸਭੁ ਤਾਕਾ ਨਸੈ॥੧॥
(ਪ੍ਰਭਾਤੀ ਮ: ੫)

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥
(ਰਾਮਕਲੀ ਮ: ੩)

ਉਹ ਸਮਾਂ ਧੰਨ ਹੁੰਦਾ ਹੈ ਜਦੋਂ ਇਸ ਪਵਿਤਰ ਬਾਣੀ ਨੂੰ ਪੜਿਆ ਸੁਣਿਆ ਜਾਂਦਾ ਹੈ। ਪੜ੍ਹਨ ਸੁਣਨ ਵਾਲੇ ਵੀ ਧੰਨ ਹਨ। ਦਰਗਾਹ ਤੇ ਉਹੋ ਹੀ ਪਰਵਾਨ ਹੁੰਦੇ ਹਨ ਜਿਹੜੇ ਇਸ ਸਚੀ ਬਾਣੀ ਨਾਲ ਪ੍ਰੇਮ ਕਰਦੇ ਹਨ :-



www.AKJ.Org

ਜਿਨ ਬਾਣੀ ਸਿਉ ਚਿਤੁ ਲਾਇਆ ਸੋ ਜਨ ਨਿਰਮਲ ਪਰਵਾਣੁ ॥
(ਆਸਾ ਮਹਲਾ ੩)

ਧੰਨੁ ਸੁ ਵੇਲਾ ਜਿਤੁ ਹਰਿ ਗਾਵਤ ਸੁਣਨਾ ॥
ਆਏ ਤੇ ਪਰਵਾਨਾ ਜੀਉ ॥੧॥
(ਮਾਝ ਮ: ੫)

ਗੁਰਬਾਣੀ ਦੇ ਨਾਲ ਹੀ ਸਭੇ ਕਾਜ ਸੁਹੇਲੜੇ ਹੁੰਦੇ ਹਨ। ਇਹ ਸਫਲ ਅਤੇ ਸੁਖਦਾਇਕ ਹੈ। ਇਸ ਲਈ ਹੀ ਮਹਾਰਾਜ ਜੀ ਨੇ ਇਸ ਨੂੰ ਗਾਵਨ ਅਤੇ ਸੁਣਨ ਦਾ ਹੁਕਮ ਦਿਤਾ ਹੈ :-

ਗੁਰਬਾਣੀ ਗਾਵਹਿ ਭਾਈ ॥ ਓਹ ਸਫਲ ਸਦਾ ਸੁਖਦਾਈ ॥
(ਸੋਰਠਿ ਮ: ੫)

ਬਾਣੀ ਰਾਮ ਨਾਮ ਸੁਣੀ ਸਿਧਿ ਕਾਰਜ ਸਭਿ ਸੁਹਾਏ ਰਾਮ ॥
(ਆਸਾ ਮ: ੪)

ਗੁਰੂ ਅਮਰਦਾਸ ਜੀ ਨੇ "ਗੁਰਬਾਣੀ ਇਸੁ ਜਗ ਮਹਿ ਚਾਨਣੁ" ਕਹਿ ਕੇ ਵਡਿਆਇਆ ਹੈ। ਸੱਚਮੁਚ ਹੀ ਇਹ ਇਕ ਸੱਚਾ ਚਾਨਣ ਮੁਨਾਰਾ ਹੈ ਜਿਹੜਾ ਅੰਧੇਰੇ ਦਾ ਨਾਂ ਨਿਸ਼ਾਨ ਵੀ ਨਹੀਂ ਰਹਿਣ ਦਿੰਦਾ। ਇਹ ਬਾਣੀ ਮਾਨਵਤਾ ਦੀ ਹਰ ਪਹਿਲੂ ਤੋਂ ਸੱਚੀ ਅਗਵਾਈ ਪੇਸ਼ ਕਰਦੀ ਹੈ। ਸੁਖੀ ਅਤੇ ਸੁਚੱਜੇ ਜੀਵਨ ਦੀ ਜਾਚ ਸਿਖਲਾਉਂਦੀ ਹੈ। ਦੁਨੀਆਂ ਦਾ ਹਰ ਇਕ ਮਸਲਾ ਇਸ ਉਚੇਰੀ ਬਾਣੀ ਦੇ ਚਾਨਣੇ ਹੇਠ ਸੁਲਝਾਇਆ ਜਾ ਸਕਦਾ ਹੈ। ਗੁਰਮਤਿ ਦੇ ਇਕ ਪਰਚਾਰਕ ਪਾਸੋਂ ਕਿਸੇ ਆਦਮੀ ਨੇ ਪੁਛ ਕੀਤੀ ਕਿ ਜੇ ਗੁਰਬਾਣੀ ਹਰ ਇਕ ਸੁਆਲ ਦਾ ਜਵਾਬ ਦੇਂਦੀ ਹੈ ਤਾਂ ਦਸੋ ਕਿ ਇਸਦਾ ਰੂਸ ਅਤੇ ਅਮਰੀਕਾ ਦੀ ਬਾਬਤ ਕੀ ਖਿਆਲ ਹੈ ਜਿਹੜੇ ਸਾਇੰਸ ਵਿਚ ਇਤਨੀ ਤਰੱਕੀ ਕਰ ਬੈਠੇ ਹਨ ਕਿ ਇਕ ਦੂਜੇ ਨੂੰ ਕੁਝ ਮਿੰਟਾਂ ਵਿਚ ਹੀ ਮਿਟੀ ਨਾਲ ਮਿਲਾ ਸਕਦੇ ਹਨ। "ਬਹੁਤ ਸਿਆਣਪ ਜਮ ਕਾ ਭਉ ਬਿਆਪੈ,, (ਗਉੜੀ ਸੁਖਮਨੀ ਮ: ੫) ਵਾਲੀ ਤੁਕ ਨੂੰ ਪੜ੍ਹਦਿਆਂ ਹੋਇਆਂ ਪਰਚਾਰਕ ਨੇ ਦਸਿਆ ਕਿ ਉਹਨਾਂ ਲੋਕਾਂ ਨੂੰ ਦੂਜਿਆਂ ਨਾਲੋਂ ਮੌਤ ਦਾ ਜ਼ਿਆਦਾ ਡਰ ਹੈ ਜਿਹੜੇ ਆਪਣੀ ਸਿਆਣਪ ਦੇ ਜਰੀਏ ਇਤਨਾਂ ਕੁਛ ਕਰੀ ਬੈਠੇ ਹਨ। ਪਾਠਕ ਜਨ ਆਪ ਹੀ ਅੰਦਾਜਾ ਲਗਾ ਲੈਣ ਕਿ ਗੁਰਬਾਣੀ ਨੇ ਕਿਸ ਤਰ੍ਹਾਂ ਦੁਧੋਂ ਪਾਣੀ ਨਿਖੇੜ ਦਿਤਾ ਅਤੇ ਸੌ ਵਿਸਵੇ ਠੀਕ ਢੁਕਵਾਂ ਜਵਾਬ



www.AKJ.Org

ਦਿਤਾ ਹੈ।

ਸਤਿਗੁਰਾਂ ਦੀ ਇਸ ਸਚੀ ਬਾਣੀ ਤੋਂ ਬਿਨਾਂ ਬਾਕੀ ਸਭ ਕਚੀਆਂ ਬਾਣੀਆਂ ਹਨ। ਸੂਰਜ ਦੇ ਸਾਹਮਣੇ ਦੀਵੇ ਦਾ ਕੋਈ ਮੁਲ ਨਹੀਂ ਪੈਂਦਾ। ਹੋਰ ਕੋਈ ਕਚੀ ਬਾਣੀ ਇਸ ਦਾ ਮੁਕਾਬਲਾ ਨਹੀਂ ਕਰ ਸਕਦੀ। ਗੁਰਮਤ ਦੇ ਆਸ਼ੇ ਅਨੁਸਾਰ ਉਸਨੂੰ ਪੜ੍ਹਨ ਸੁਣਨ ਵਾਲੇ ਵੀ ਕਚੇ ਹਨ :-

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ॥
(ਰਾਮਕਲੀ ਮ: ੩ ਅਨੰਦੁ)

ਸਤਿਗੁਰਾਂ ਦੀ ਅੰਮ੍ਰਿਤਮਈ ਬਾਣੀ ਮੁਰਦਿਆਂ ਦੇ ਦਿਲਾਂ ਅੰਦਰ ਜੀਵਨ ਭਰਦੀ ਹੈ। ਇਹ ਮਾਰੂ ਨੂੰ ਸੀਤਲ, ਲੋਹੇ ਨੂੰ ਕੰਚਨ ਅਤੇ ਸੁਕੇ ਨੂੰ ਹਰਿਆਂ ਕਰਦੀ ਹੈ। ਜਨਮ ਜਨਮ ਦੇ ਵਿਛੜਿਆਂ ਨੂੰ ਪਰਮਾਤਮਾ ਨਾਲ ਮਿਲਾ ਦਿੰਦੀ ਹੈ। ਸੁਹੇਲੀ ਬਾਣੀ ਦੀ ਸਹਾਇਤਾ ਨਾਲ ਪੰਚ ਦੋਖ ਅਰ ਅਹੰ ਰੋਗ ਜਿਤੇ ਜਾਂਦੇ ਹਨ :-

"ਜੀਤ ਲਏ ਓਇ ਮਹਾਂ ਬਿਖਾਦੀ ਸਹਜ ਸੁਹੇਲੀ ਬਾਣੀ"

ਸਤਿਗੁਰਾਂ ਦੀ ਇਹ ਅੰਮ੍ਰਿਤ ਬੂਟੀ ਜੀਵ ਨੂੰ ਜਨਮ ਮਰਨ ਤੋਂ ਰਹਿਤ ਕਰ ਦਿੰਦੀ ਹੈ। "ਜਿਸਕੀ ਬਾਣੀ ਤਿਸ ਮਾਹਿ ਸਮਾਣੀ" ਦੇ ਗੁਰਵਾਕ ਅਨੁਸਾਰ ਨਿਰੰਕਾਰੀ ਬਾਣੀ ਨਿਰੰਕਾਰ ਦੇ ਰੂਪ ਦੀ ਲਖਤਾ ਕਰਵਾ ਦਿੰਦੀ ਹੈ ਪਰੰਤੂ ਅਜਿਹੇ ਗੁਰਮੁਖ ਵਿਰਲੇ ਹੀ ਹੁੰਦੇ ਹਨ ਜਿਹੜੇ ਇਸ ਨੂੰ ਵਿਚਾਰਦੇ ਹਨ :-

"ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖ ਹੋਇ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰ ਵਾਸਾ ਹੋਇ॥"
(ਰਾਮਕਲੀ ਮਹਲਾ ੧)

"ਨਿਰਭਉ ਦਾਤਾ ਸਦਾ ਮਨਿ ਹੋਇ॥
ਸਚੀ ਬਾਣੀ ਪਾਏ ਭਾਗਿ ਕੋਇ॥"
(ਆਸਾ ਮਹਲਾ ੩)

"ਸਚੀ ਬਾਣੀ ਮਹਲੁ ਪਰਾਪਤਿ ਹੋਇ" ਦੇ ਗੁਰਵਾਕ ਅਨੁਸਾਰ ਬਿਖ ਭਵਜਲ ਤੋਂ ਪਾਰ ਹੋਣ ਦਾ ਇਕੋ ਇਕ ਤਰੀਕਾ ਗੁਰਬਾਣੀ ਹੀ ਹੈ। "ਭਵਜਲੁ



www.AKJ.Org

ਬਿਨੁ ਸਬਦੈ ਕਿਉ ਤਰੀਐ" ਆਖਦਿਆਂ ਹੋਇਆਂ ਗੁਰੂ ਸਾਹਿਬ ਨੇ ਸਪਸ਼ਟ ਕਰ ਦਿਤਾ ਕਿ ਬਾਣੀ ਤੋਂ ਬਿਨਾਂ ਹੋਰ ਕੋਈ ਦੁਆਰਾ ਨਹੀਂ ਜਿਸ ਨਾਲ ਇਸ "ਭਵਜਲ ਨਿਧਿ ਭਾਰੀ" ਨੂੰ ਪਾਰ ਕੀਤਾ ਜਾਵੇ ਇਸ ਲਈ ਹੀ ਤਾਂ ਗੁਰੂ ਅਮਰਦਾਸ ਜੀ ਆਪਣੇ ਪਿਆਰੇ ਸਿਖਾਂ ਨੂੰ ਇਹ ਸਚੀ ਬਾਣੀ ਗਾਵਨ ਲਈ ਸੰਦੇਸ਼ੇ ਭੇਜ ਰਹੇ ਹਨ :-

"ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗ ਪਾਣੀ ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥

(ਰਾਮਕਲੀ ਮ: ੩ ਅਨੰਦ)

ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ" ਦੇ ਮੁਤਾਬਕ ਹੀ ਅੰਮ੍ਰਿਤ ਬਾਣੀ ਪੀਣ ਨਾਲ ਹੀ ਸਚਾ ਹਰੀ ਰੰਗ ਦੜ੍ਹਦਾ ਹੈ ਅਤੇ ਸਾਰਿੰਗ ਪਾਣੀ ਦਾ ਜਾਪ ਕੀਤਾ ਜਾ ਸਕਦਾ ਹੈ। ਗੁਰਬਾਣੀ ਦੀ ਸਹਾਇਤਾ ਤੋਂ ਬਿਨਾਂ ਨਾਮ ਦੇ ਚਲੂਲੜੇ ਰੰਗ ਨਹੀਂ ਖਿੜਦੇ ਨਾਮ ਅਤੇ ਬਾਣੀ ਓਤਪੋਤ ਹੈ ਜਿਵੇਂ ਦੁਧ ਅਤੇ ਘਿਉ ਫੁਲ ਅਤੇ ਸੁਗੰਧੀ ਹੁੰਦੇ ਹਨ। ਗੁਰਬਾਣੀ ਹੀ ਨਾਮ ਦਾ ਖੰਡਾ ਖੜਕਾਉਂਦੀ ਹੈ। ਨਾਮ ਦੇ ਵਪਾਰੀ ਲਈ ਬਾਣੀ ਦਾ ਅਭਿਆਸ ਬਹੁਤ ਜ਼ਰੂਰੀ ਹੈ ਨਹੀਂ ਤਾਂ ਇਸ ਵਿਚ ਖੜ੍ਹਦੀ ਕਲਾ ਆ ਜਾਂਦੀ ਹੈ। ਜਿਹੜੇ ਬਾਣੀ ਨੂੰ ਹਿਰਦੇ ਵਿਚ ਵਸਾਉਂਦੇ ਹਨ, ਨਾਮ ਵੀ ਉਨ੍ਹਾਂ ਦੇ ਅੰਦਰ ਨਿਵਾਸ ਕਰ ਜਾਂਦਾ ਹੈ, ਕਿਉਂਕਿ :-

ਜਨੁ ਨਾਨਕੁ ਬੋਲੈ ਗੁਣਬਾਣੀ ਗੁਰਬਾਣੀ ਹਰਿ ਨਾਮਿ ਸਮਾਇਆ ॥

(ਗੂਜਰੀ ਮ: ੪)

ਗੁਰਮੁਖਿ ਨਾਮੁ ਮਿਲੈ ਹਰਿ ਬਾਣੀ ॥

(ਆਸਾ ਮ: ੩)

ਤੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ ॥

(ਆਸਾ ਮ: ੩)

ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ ॥੧॥

(ਧਨਾਸਰੀ ਮ: ੪)



www.AKJ.Org

ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ ॥
(ਆਸਾ ਮ: ੪)

ਗੁਰਬਾਣੀ ਲਾਗੇ ਤਿਨ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ ॥
(ਰਾਗ ਆਸਾ ਛੰਤ ਮ: ੪)

ਜਿਤਨੀ ਗੁਰਬਾਣੀ ਉਚੀ ਸੁਚੀ ਹੈ ਉਤਨਾ ਹੀ ਇਸਦਾ ਜ਼ਿਆਦਾ ਸਤਿਕਾਰ ਹੋਣਾ ਚਾਹੀਦਾ ਹੈ। ਪੜ੍ਹਨ ਸਮੇਂ ਲਗਾਂ ਮਾਤਰਾਂ ਤਾਈਂ ਸ਼ੁਧ ਪਾਠ ਕਰਨਾ ਚਾਹੀਦਾ ਹੈ। ਥੋੜੀ ਜਿਹੀ ਅਨਗਹਿਲੀ ਕੀਤਿਆਂ ਗੁਰਬਾਣੀ ਦੇ ਅਰਥਾਂ ਵਿਚ ਜ਼ਿਮੀਂ ਅਸਮਾਨ ਦਾ ਫ਼ਰਕ ਪੈ ਜਾਂਦਾ ਹੈ। "ਕੈ" ਨੂੰ "ਕੇ" ਪੜ੍ਹਨਾ ਅਤੇ "ਸੰਤਨ" ਸ਼ਬਦ ਨੂੰ "ਸੰਤ ਨ" ਪੜ੍ਹਨ ਨਾਲ ਅਰਥਾਂ ਵਿਚ ਬਹੁਤ ਫਰਕ ਆ ਜਾਂਦਾ ਹੈ। ਕਹਿੰਦੇ ਹਨ ਕਿ "ਗੁਰੁ ਅਰਜਨ ਪਰਤਖ ਹਰਿ" ਗੁਰਬਾਣੀ ਦੀ ਸੁਧਤਾ ਨੂੰ ਕਾਇਮ ਰਖਣ ਲਈ ਆਪਣੇ ਪਾਸ ਜਪੁਜੀ ਸਾਹਿਬ ਦਾ ਗੁਟਕਾ ਰਖਦੇ ਸਨ ਜਿਸ ਤੋਂ ਉਹ ਪਾਠ ਕੀਤਾ ਕਰਦੇ ਸਨ। ਅਰਥ ਭਾਵੇਂ ਸਮਝ ਨਾ ਹੀ ਆਉਣ ਪਰੰਤੂ ਪਾਠ ਸ਼ੁਧ ਹੋਣਾ ਚਾਹੀਦਾ ਹੈ ਫਿਰ ਵੀ ਬਾਣੀ ਦਾ ਪੁੰਨ ਅਤੁਟ ਹੈ। ਕਈ ਕਹਿ ਦਿੰਦੇ ਹਨ, ਜੀ ਪਾਠ ਕਰਨ ਸਮੇਂ ਮਨ ਤਾਂ ਟਿਕਦਾ ਨਹੀਂ ਉਸ ਦਾ ਫਿਰ ਕੀ ਫਾਇਦਾ ਹੈ। ਅਸਲ ਵਿਚ ਗੁਰਬਾਣੀ ਦਾ ਪਾਠ ਕੀਤਾ ਕਿਸੇ ਤਰ੍ਹਾਂ ਵੀ ਅਾਲ੍ਹਾ ਨਹੀਂ ਜਾਂਦਾ। ਬਾਣੀ ਪੜ੍ਹਨ ਨਾਲ ਰਸਨਾ ਪਵਿਤਰ ਹੋ ਜਾਂਦੀ ਹੈ ਅਤੇ ਸੁਨਣ ਨਾਲ ਕੰਨ ਪਵਿਤਰ ਹੁੰਦੇ ਹਨ ਅਤੇ ਲਿਖਣ ਨਾਲ ਹਥ ਪਵਿਤਰ ਹੁੰਦੇ ਹਨ। ਬਾਣੀ ਦੇ ਪੜ੍ਹਨ ਸੁਣਨ ਦੇ ਨਾਲ ਨਾਲ ਇਸ ਨੂੰ ਲਿਖ ਕੇ ਹੱਥ ਵੀ ਜ਼ਰੂਰ ਪਵਿਤਰ ਕਰਨੇ ਚਾਹੀਦੇ ਹਨ। ਪੁਰਾਤਨ ਸਿਖਾਂ ਵਿਚ ਬਾਣੀ ਲਿਖਣ ਦਾ ਬਹੁਤ ਰਿਵਾਜ ਸੀ ਪਰੰਤੂ ਪਰੇਸ ਦਾ ਜੁਗ ਹੋਣ ਕਰਕੇ ਅਜ ਕਲ ਸਿਖ ਇਸ ਵਡਮੁਲੀ ਸੇਵਾ ਤੋਂ ਵਾਂਝੇ ਚਲੇ ਜਾ ਰਹੇ ਹਨ।

ਸਤਿਗੁਰੂ ਜੀ ਇਸ ਮਹਾਂ ਪਵਿਤਰ ਅਕਾਲੀ ਬਾਣੀ ਦਾ ਸਤਿਕਾਰ ਪੁਜਕੇ ਕਰਦੇ ਸਨ। ਜਦੋਂ ਗੁਰੁ ਨਾਨਕ ਦੇਵ ਜੀ ਧੁਰ ਕੀ ਬਾਣੀ ਦਾ ਉਚਾਰਣ ਕਰਕੇ ਹਟਦੇ ਸਨ ਤਾਂ ਉਸ ਦੇ ਸਤਿਕਾਰ ਵਜੋਂ ਆਪਣੇ ਪਵਿਤਰ ਸੀਸ ਨੂੰ ਝੁਕਾਈ ਰਖਦੇ ਸਨ। ਜਿਸ ਕੋਠਾ ਸਾਹਿਬ ਵਿਚ ਸ੍ਰੀ (ਗੁਰੂ) ਗ੍ਰੰਥ ਸਾਹਿਬ ਦਾ ਸੁਖ ਆਸਨ ਹੁੰਦਾ ਸੀ ਪੰਜਵੇਂ ਗੁਰੂ ਨਾਨਕ ਆਪ ਥਲੇ ਸਧਾਰਣ ਬਸਤਰਾਂ ਵਿਚ ਪੈਂਦੇ ਸਨ। ਗੁਰੂ ਹਰਿ ਰਾਇ ਸਾਹਿਬ ਆਪਣੇ ਪਵਿਤਰ ਸਿੰਘਾਸਣ ਉਤੇ


www.AKJ.Org

ਬਿਰਾਜਮਾਨ ਸਨ। ਸਫ ਉਤੇ ਬੈਠੇ ਇਕ ਸਿਖ ਨੇ ਗੁਰਬਾਣੀ ਦੀ ਤੁਕ ਉਚਾਰੀ। ਹਜ਼ੂਰ ਬਹੁਤ ਛੇਤੀ ਸਿੰਘਾਸਣ ਉਤੋਂ ਉਤਰ ਬੈਠੇ। ਇਸ ਹਾਲਤ ਵਿਚ ਉਨ੍ਹਾਂ ਦੇ ਚੋਟ ਵੀ ਲਗ ਗਈ। ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਬਾਣੀ ਨੂੰ ਆਪਣੇ ਨਾਲੋਂ ਵੀ ਵਧ ਸਤਿਕਾਰਦੇ ਸਨ। ਸਿਖ ਦੀ ਹੈਸੀਅਤ ਵਿਚ ਸਾਡੇ ਹਿਰਦੇ ਅੰਦਰ ਵੀ ਉਤਨਾ ਹੀ ਸਤਿਕਾਰ ਹੋਣਾ ਚਾਹੀਦਾ ਹੈ ਕਿਉਂਕ ਬਾਣੀ ਤੋਂ ਬਿਨਾਂ ਸਿਖ ਦਾ ਦਰਜਾ ਸਿਫਰ ਬਰਾਬਰ ਹੈ ਜਾਂ ਇਉਂ ਕਹਿ ਲਵੋ ਕਿ ਉਹ ਖਾਕੂ ਵਿਚ ਰੁਲ ਜਾਂਦਾ ਹੈ।

ਇਸ ਅੰਮ੍ਰਿਤ ਬਾਣੀ ਨੂੰ ਵਿਸਾਰਨ ਨਾਲ ਕਰੋੜਾਂ ਬਿਘਨ ਆ ਘੇਰਦੇ ਹਨ ਅਤੇ ਉਸ ਦੀ ਹਾਲਤ ਪੱਕੇ ਰੋਗੀ ਵਰਗੀ ਹੋ ਜਾਂਦੀ ਹੈ :-

ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥ ੧ ॥
(ਧਨਾਸਰੀ ਮ: ੧)

ਉਹ ਲੋਕੀ ਸਦਾ ਖੁਆਰ ਹੁੰਦੇ ਹਨ ਜਿਨ੍ਹਾਂ ਨੂੰ ਬਾਣੀ ਭੁਲ ਜਾਂਦੀ ਹੈ। ਦੁਨੀਆਂ ਦੇ ਲਾਲਚਾਂ ਮਗਰ ਪੈ ਕੇ ਉਨ੍ਹਾਂ ਦਾ ਜਨਮ ਬਿਰਥਾ ਹੀ ਚਲਾ ਜਾਂਦਾ ਹੈ। ਸਤਿਗੁਰਾਂ ਦੀ ਆਤਮਿਕ ਜੋਤ ਬਾਣੀ ਹੀ ਹੈ ਜਿਹੜੀ ਵਿਛੜੀਆਂ ਰੂਹਾਂ ਨੂੰ ਆਪਣੇ ਅਸਲੇ ਨਾਲ ਮਿਲਾਉਂਦੀ ਹੈ। ਇਸ ਲਈ ਹੀ ਤਾਂ ਸ਼ਹੀਦਾਂ ਦੇ ਸਿਰਤਾਜ, ਮਿਠ ਬੋਲੜੇ ਸਜਨ, ਪੰਚਮ ਪਾਤਸ਼ਾਹ ਜੀ ਨਾਮ ਵਿਸਾਰ ਕੇ ਅਨ ਲਾਲਚ ਲਗਿਆਂ ਨੂੰ ਜਗਾਉਣ ਲਈ ਅਵਾਜ਼ਾਂ ਮਾਰ ਰਹੇ ਹਨ; ਹਾਂ ਜੀ :-

ਆਇਓ ਸੁਨਨ ਪੜਨ ਕਉ ਬਾਣੀ ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ
ਬਿਰਥਾ ਜਨਮੁ ਪਰਾਣੀ ॥ ੧ ॥ ਰਹਾਉ ॥"
(ਸਾਰਗ ਮਹਲਾ ੫)

**ਮਾਸਕ ਪੱਤਰ "ਸੂਰਾ" ਛੇਤੀ ਹੀ ਆਪਣੇ ਨਵੇਂ ਅਕਾਰ ਵਿਚ ਪ੍ਰਕਾਸ਼ਤ ਹੋਣਾ ਸ਼ੁਰੂ ਹੋ ਜਾਵੇਗਾ। ਵਪਾਰੀ ਸਜਣ ਇਸ ਵਿਚ ਇਸ਼ਤਿਹਾਰ ਦੇ ਕੇ ਲਾਭ ਉਠਾਉਣ।**



www.AKJ.Org

# ‘ਕਰ ਹਲੇ’ ਜਾਂ ‘ਕਰਹਲੇ’

‘ਅੰਮ੍ਰਿਤ ਕੀਰਤਨ’ ਦੀ ਪੋਥੀ ਵਿਚ (ਜਿਹੜੀ ਪੋਥੀ ਕਿ ਕੀਰਤਨੀ ਸਿੰਘਾਂ ਵਿਚ ਆਮ ਪਰਚਲਤ ਹੈ) ਪੰਨੇ ੮੮੪ ਤੇ ਦੂਜਾ ਸ਼ਬਦ ਰਾਗ ਗਉੜੀ ਪੂਰਬੀ ਮਹਲਾ ੪ ਕਰ ਹਲੇ ਦੇ ਸਿਰਲੇਖ ਹੇਠ ਦਿਤਾ ਹੋਇਆ ਹੈ । ਇਸ ਸਿਰਲੇਖ, ਸ਼ਬਦ ਤੇ ਨਾਲ ਲਗਦੇ ਅਗਲੇ ਪੰਨੇ ੮੮੫ ਦੇ ਪਹਿਲੇ ਸ਼ਬਦ ਵਿਚ ‘ਕਰ ਹਲਾ’ ਜਾਂ ‘ਕਰ ਹਲੇ’ ਦੇ ਲਫ਼ਜ਼ ਕਈ ਵੇਰ ਆਏ ਹਨ । ਇਸ ਵੇਲੇ, ਵਿਚਾਰ ਗੋਚਰੇ, ਇਹ ਹੈ ਕਿ ਕੀ ਇਨ੍ਹਾਂ ਲਫ਼ਜ਼ਾਂ ਦਾ ਉਚਾਰਣ ਸੰਜੁਗਤ ਅਥਵਾ ਮੇਲਵਾਂ ਸਹੀ ਹੈ ਜਾਂ ਨਿਖੇੜਵਾਂ, ਜਿਸ ਤਰ੍ਹਾਂ ਕਿ ਇਸ ਪੋਥੀ ਵਿਚ ਦਿਤਾ ਗਿਆ ਹੈ। ਦਾਸ ਦੀ ਮਤ ਅਨੁਸਾਰ ਜਿਹਾ ਕਿ ਪਾਠਕ ਸਮਝ ਗਏ ਹੋਣਗੇ, ਇਨ੍ਹਾਂ ਲਫ਼ਜਾਂ ਦਾ ਉਚਾਰਣ ‘ਕਰਹਲਾ’ ਤੇ ‘ਕਰਹਲੇ’ ਮੇਲਵਾਂ ਕਰਨਾ ਚਾਹੀਦਾ ਹੈ। ਇਸ ਪੋਥੀ ਦੇ ਇਸ ਪਾਠ ਨਾਲ ਅਸੰਮਤੀ ਦੇ ਕਾਰਨ ਹੀ, ਇਹ ਲੇਖ ਲਿਖਣ ਦੀ ਲੋੜ ਮਹਿਸੂਸ ਹੋਈ।

ਆਪਣੇ ਇਸ ਵਿਚਾਰ ਨੂੰ ਕਈ ਕੁ ਸਿੰਘਾਂ ਦੇ ਸਾਹਮਣੇ ਪੇਸ਼ ਕਰਨ ਦਾ ਮੌਕਾ, ਇਕ ਦੋ ਵੇਰਾਂ ਮਿਲਿਆ ਪਰੰਤੂ ਸ਼ਾਇਦ ਉਹ ਸਿੰਘ ਪੂਰੀ ਤਰ੍ਹਾਂ ਨਾਲ ਸਹਿਮਤ ਨਹੀਂ ਹੋਏ। ਦਾਸ ਆਪਣੀ ਉਪ੍ਰੋਕਤ ਰਾਏ ਦੇ ਹੱਕ ਵਿਚ ਹੇਠ ਲਿਖੇ ਵਿਚਾਰ ਪਾਠਕਾਂ ਨਾਲ ਸਾਂਝੇ ਕਰਨ ਦੀ ਦਲੇਰੀ ਕਰ ਰਿਹਾ ਹੈ। ਆਸ ਹੈ, ਇਨ੍ਹਾਂ ਵਿਚਾਰਾਂ ਦੀ ਰੋਸ਼ਨੀ ਵਿਚ, ਕਿਸੇ ਸਹੀ ਨਿਰਣੇ ਤਕ ਪੁਜਣ ਲਈ ਸਹਾਇਤਾ ਮਿਲੇਗੀ।

ਪਹਿਲੀ ਗਲ ਤਾਂ ਇਹ ਹੈ ਕਿ ਇਸ ਪੋਥੀ ਵਿਚ ‘ਕਰ ਹਲੇ’ ਨਿਖੇੜਵਾਂ ਰੂਪ ਦੇ ਕੇ, ਨਾਲ ਅੰਕ ੨ ਲਾ ਕੇ, ਹੇਠਾਂ ਇਹ ਅਰਥ ਦਿਤਾ ਹੈ–‘ਹਮਲਾ ਕਰ ਭਾਵ ਉਦਮ ਕਰ ।’’ ਇਸ ਅਰਥ ਵਿਚ ਇਹ ਲਫ਼ਜ਼, ਮੇਰੀ ਜਾਚੇ, ਸਾਰੀ ਬਾਣੀ ਵਿਚ ਕਿਧਰੇ ਨਹੀਂ ਆਇਆ। ਉਂਜ ਇਸ ਲਫ਼ਜ਼ ਦੀ ‘ਕਰਹਲਾ’ ਰੂਪ ਵਿਚ ਵਰਤੋਂ ੬੯੩ ਪੰਨੇ ਦੀ ਇਸ ਤੁਕ ਵਿਚ ਹੈ–‘‘ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ ॥’’ ਉਪਰਲੇ ਅਰਥ ਇਸ ਤੁਕ ਵਿਚ ਕਿਵੇਂ ਵੀ ਢੁਕ ਨਹੀਂ ਸਕਦੇ । ਇਥੇ ‘ਕਰਹਲਾ’ ਲਫ਼ਜ਼ ਦੇ ਅਰਥ ਨਿਰਸੰਦੇਹ ਊਠ ਦੇ ਹਨ। ਅੰਮ੍ਰਿਤ ਕੀਰਤਨ ਪੋਥੀ ਦੇ ਪੰਨਾ ੮੮੫ ਦੀ ਹੇਠਲੀ ਅਰਥਾਂ ਵਾਲੀ



www.AKJ.Org

ਪੰਗਤੀ ਤੋਂ ਪਤਾ ਚਲਦਾ ਹੈ ਕਿ ਇਹ ਅਰਥ ਸੰਪਾਦਕਾਂ ਨੂੰ ਮਾਲੂਮ ਹਨ ਪਰੰਤੂ ਇਹ ਅਰਥ ਉਨ੍ਹਾਂ ਨੂੰ ਜੱਚੇ ਨਹੀ' ਜਾਪਦੇ, ਇਨ੍ਹਾਂ ਦੋ ਸ਼ਬਦਾਂ ਵਿਚ ਜਿਸ ਦਾ ਸਬੂਤ ਹੈ ਕਿ ਦੋਹਾਂ ਸ਼ਬਦਾਂ ਵਿਚ ਉਪ੍ਰੋਕਤ ਲਫ਼ਜ਼ਾਂ ਦੇ ਪਦ-ਛੇਦ ਰੂਪ ਹੀ ਦਿਤੇ ਹਨ।

ਅੰਮ੍ਰਿਤ ਕੀਰਤਨ ਦੇ ਸੰਪਾਦਕਾਂ, ਸਾਰੇ ਸੁਹਿਰਦ ਪਾਠਕਾਂ ਤੇ ਗੁਰਬਾਣੀ ਪਿਆਰਿਆਂ ਦੇ ਚਰਣਾਂ ਵਿਚ ਇਹ ਵਿਚਾਰ, ਨਿਮ੍ਰਤਾ ਪਰ ਦ੍ਰਿੜ੍ਹਤਾ ਨਾਲ ਪੇਸ਼ ਕਰਦਾ ਹਾਂ, ਕਿ ਊਠ ਵਾਲੇ ਅਰਥ ਹੀ ਇਨ੍ਹਾਂ ਸ਼ਬਦਾਂ ਵਿਚ ਦਰੁਸਤ ਹਨ। ਮਨ ਨੂੰ ਹੀ 'ਕਰਹਲਾ' ਜਾਂ 'ਕਰਹਲੇ' ਦੇ ਵਿਸ਼ੇਸ਼ਣ ਨਾਲ ਸੰਬੋਧਨ ਕੀਤਾ ਹੈ। 'ਹਲਾ' ਸ਼ਬਦ ਦੀ ਵਰਤੋਂ ਹੀ ਗੁਰਬਾਣੀ ਵਿਚ ਨਹੀਂ ਮਿਲਦੀ, ਦਾਸ ਦੀ ਯਾਦਦਾਸ਼ਤ ਅਨੁਸਾਰ।

ਇਕ ਹੋਰ ਨੁਕਤਾ ਵੀ ਹੈ; 'ਕਰ' ਦੇ ਅਰਥ ਗੁਰਬਾਣੀ ਵਿਆਕਰਣ ਅਨੁਸਾਰ 'ਤੂੰ ਕਰ' ਭਾਵ ਕਿਰਿਆ ਰੂਪ ਵਿਚ ਵੀ ਨਹੀਂ ਹੋ ਸਕਦੇ। ਕਿਰਿਆ ਰੂਪ ਇਹ ਲਫ਼ਜ਼ ਆਏਗਾ, ਇਸਦਾ 'ਰ' ਸਿਹਾਰੀ ਲਗ ਸਹਿਤ ਆਏਗਾ, ਜਿਵੇਂ "ਕਰਿ"। ਇਹਨਾਂ ਦੋਹਾਂ ਸਬਦਾਂ ਵਿਚ 'ਕਰਹਲਾ' ਜਾਂ 'ਕਰਹਲੇ' ਲਫ਼ਜ਼ਾਂ ਵਿਚ 'ਰ' ਮੁਕਤਾ ਹੀ ਹੈ।

ਜਦੋਂ 'ਕਰ' ਲਫ਼ਜ਼ ਦੇ ਦੋਵੇਂ ਅਖਰ ਮੁਕਤੇ ਹੋਣਗੇ ਗੁਰਬਾਣੀ ਵਿਚ, ਤਾਂ ਇਸ ਦੇ ਅਰਥ ਹੋਣਗੇ "ਹਥ" ਬਹੁਬਚਨ ਰੂਪ ਵਿਚ ਦੋਵੇਂ ਹਥ ਜੋੜਨ ਦੇ ਅਰਥਾਂ ਵਿਚ ਹਮੇਸ਼ਾ 'ਕਰ' ਦੇ ਦੋਵੇਂ ਅਖਰ ਮੁਕਤੇ ਹੀ ਹੋਣਗੇ। ਜਦੋਂ 'ਕਰੁ' ਦਾ ਰ '–' ਸਹਿਤ ਹੋਵੇਗਾ, ਉਥੇ ਅਰਥ ਹਥ' ਇਕ ਵਚਨ ਰੂਪ ਵਿਚ ਹੋਵੇਗਾ, ਜਿਵੇ 'ਸਫਲ ਕਰੁ ਮਸਤਕਿ ਧਾਰਿਆ' ਤੇ 'ਸਿਰ ਊਪਰ ਕਰ ਧਾਰਿਓ' ਵਿਚ!

ਸੁਆਲ ਪੈਦਾ ਹੋ ਸਕਦਾ ਹੈ, ਕਿ ਜੇ ਊਠ ਦੇ ਅਰਥਾਂ ਵਿਚ, ਉਪ੍ਰੋਕਤ ਲਫ਼ਜ਼ ਆਏ ਹਨ ਤਾਂ 'ਕਰਹਲੇ' ਸਿਰਲੇਖ ਦੇ ਤੌਰ ਤੇ ਕਿਵੇਂ ਢੁਕ ਸਕਦਾ ਹੈ?

ਦਾਸ ਦੀ ਵੀਚਾਰ ਹੈ ਕਿ ਇਹ ਸਿਰਲੇਖ ਵਾਲਾ ਲਫ਼ਜ਼ 'ਕਰਹਲੇ' ਊਠ ਦੇ ਅਰਥਾਂ ਵਿਚ ਸ਼ਾਇਦ ਨ ਹੀ ਹੋਵੇ। ਮੇਰੀ ਜਾਚੇ "ਘੋੜੀਆਂ" ਵਾਂਗ "ਕਰਹਲੇ" ਵੀ ਲੋਕ–ਗੀਤਾਂ ਦਾ ਨਾਂ ਵੀ ਹੋਵੇਗਾ, ਜਿਨ੍ਹਾਂ ਨੂੰ ਊਠਾਂ ਵਾਲੇ, ਊਠਾਂ ਨਾਲ ਤੁਰਦੇ ਗਾਂਦੇ ਹੋਣਗੇ, ਜਿਵੇਂ ਲਾੜੇ ਦੇ ਆਪਣੇ ਘਰੋਂ ਸਾਹੁਰੇ ਘਰ ਜਾਣ ਲਈ ਘੋੜੀ ਤੇ ਚੜ੍ਹਨ ਸਮੇਂ, ਉਸ ਦੀਆਂ ਭੈਣਾਂ ਘੋੜੀਆਂ ਗਾਂਦੀਆਂ ਹਨ। ਸੋ ਇਥੇ 'ਕਰਹਲੇ' ਦਾ ਸਿਰਲੇਖ ਕਾਵਿ-ਰੂਪ ਦੇ ਤੌਰ ਤੇ ਹੈ।

(ਐਡੀਟਰ)



www.AKJ.Org

# ਡਿੱਠੇ, ਸੁਣੇ ਤੇ ਹਡੀਂ ਵਾਪਰੇ ਬ੍ਰਿਤਾਂਤ (੨)

[ਭਾਈ ਸਾਹਿਬ ਭਾਈ ਸੁਰਜਨ ਸਿੰਘ ਜੀ ਗੁਜਰਵਾਲ]

*

### ਭਾਈ ਗੁਰਬਖਸ਼ ਸਿੰਘ ਦਾ ਪ੍ਰੇਮ

ਇਕ ਵਾਰੀ ਦਾ ਜ਼ਿਕਰ ਹੈ ਕਿ ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਢਾਬ ਤੇ ਬੈਠੇ ਸਨ । ਆਪ ਜੀ ਦੇ ਪ੍ਰੇਮੀ, ਭੁਝੰਗੀ ਜੱਥਾ ਖਾਲਸਾ ਮਾਲਵਾ ਹਾਈ ਸਕੂਲ ਲੁਧਿਆਣੇ ਦੇ ਕੁਝ ਭੁਝੰਗੀ ਆਪ ਜੀ ਨੂੰ ਮਿਲਣ ਲਈ ਨਾਰੰਗਵਾਲ ਤੋਂ ਹੋ ਕੇ ਢਾਬ ਤੇ ਪਹੁੰਚੇ। ਭਾਈ ਸਾਹਿਬ ਜੀ ਦਾ ਇਹ ਖ਼ਿਆਲ ਸੀ ਕਿ ਇਨ੍ਹਾਂ ਭੁਝੰਗੀਆਂ ਨੇ ਤਾਂ ਪੈਰਾਂ ਨੂੰ ਚਿੰਬੜਨਾ ਹੈ ਸੋ ਜਦੋਂ ਇਹ ਭੁਝੰਗੀ ਢਾਬ ਦੇ ਨੇੜੇ ਪਹੁੰਚੇ ਤਾਂ ਇਨ੍ਹਾਂ ਨੂੰ ਦੇਖ ਕੇ ਭਾਈ ਸਾਹਿਬ ਜੀ ਡੂੰਘੇ ਪਾਣੀ ਵਿਚ ਵੜ ਗਏ ਤਾਂਕਿ ਇਹ ਪ੍ਰੇਮੀ (ਭੁਝੰਗੀ) ਪੈਰਾਂ ਨੂੰ ਨ ਹਥ ਲਾ ਸਕਣ । ਪਰ ਇਕ ਪ੍ਰੇਮੀ ਭੁਝੰਗੀ ਨੇ ਸਣੇ ਕਪੜੇ ਤੇ ਬੂਟਾਂ ਦੇ ਪਾਣੀ ਵਿਚ ਛਾਲ ਮਾਰ ਦਿਤੀ ਅਤੇ ਭਾਈ ਸਾਹਿਬ ਜੀ ਦੇ ਚਰਨਾਂ ਨੂੰ ਚਿੰਬੜ ਗਿਆ। ਇਸ ਭੁਝੰਗੀ ਦੇ ਸਾਰੇ ਕਪੜੇ ਭਿਜ ਗਏ । ਭਾਈ ਸਾਹਿਬ ਜੀ ਨੇ ਇਸ ਪ੍ਰੇਮੀ ਨੂੰ ਗਲ ਨਾਲ ਲਾ ਲਿਆ ਅਤੇ ਪਾਣੀ ਤੋਂ ਬਾਹਰ ਕਢ ਲਿਆਏ। ਇਹ ਸਿੰਘ ਕਮਾਲਪੁਰੇ ਤੋਂ ਭਾਈ ਗੁਰਬਖ਼ਸ਼ ਸਿੰਘ ਸੀ, ਜਿਸ ਦਾ ਜ਼ਿਕਰ 'ਜੇਲ ਚਿਠੀਆਂ' ਤੇ 'ਰੰਗਲੇ ਸਜਣ' ਪੁਸਤਕਾਂ ਵਿਚ ਭੀ ਆਇਆ ਹੈ।

### ਭਾਈ ਸਾਹਿਬ ਜੀ ਦੀ ਦ੍ਰਿੜਤਾ

ਦਾਸ ਨੂੰ ਭਾਈ ਸਾਹਿਬ ਜੀ ਨੇ ਦਸਿਆ, ਕਿ ਮੈਂ ਜਦੋਂ ਪਹਿਲੇ ਪਹਿਲ ਏਸ ਢਾਬ ਤੇ ਸਮਾਧੀ ਵਿਚ ਬਹਿੰਦਾ ਹੁੰਦਾ ਸਾਂ ਤਾਂ ਮੈਨੂੰ ਬਹੁਤ ਭੈ ਵਾਲੀਆਂ ਬਲਾਈਆ ਡਰਾਉਂਦੀਆਂ ਸਨ, ਪਹਿਲੇ ਪਹਿਲ ਫਨੀਅਰ ਸੱਪ ਮੇਰੇ ਮੂਹਰੇ ਫਰਾਟੇ ਮਾਰਦੇ ਹੁੰਦੇ ਸਨ, ਫੇਰ ਕਈ ਦਿਨ ਸਾਂਢ ਆ ਕੇ ਮੈਨੂੰ ਸੁੰਘਦੇ ਤੇ ਭੈ ਦਿੰਦੇ ਰਹੇ ਪਰ ਮੈਂ ਇਨ੍ਹਾਂ ਡਰਾਉਨੀਆਂ ਘਟਨਾਵਾਂ ਵਲ ਸੁਰਤ ਹੀ ਨਹੀਂ ਲਿਆਉਂਦਾ ਸਾਂ। ਸਗੋਂ ਮੈਂ ਇਕ ਗੁਰਬਾਣੀ ਦੀ ਤੁਕ ਕੰਠ ਕੀਤੀ ਹੋਈ ਸੀ ਜੋ ਕਿ ਮੈਂ ਪੜ੍ਹਦਾ ਰਹਿੰਦਾ ਸਾਂ – "ਗੁਰ ਕਾ ਬਚਨੁ ਬਸੈ ਜੀਅ ਨਾਲੇ ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥"

### ਜੰਗਲ ਵਿਚ ਮੰਗਲ

ਇਸ ਢਾਬ ਤੇ ਕੀਰਤਨ ਭੀ ਹੁੰਦੇ ਰਹਿੰਦੇ ਸਨ। ਇਕ ਵਾਰ ਦਾ ਜ਼ਿਕਰ ਹੈ, ਸ਼ਾਮ ਨੂੰ ਇਕ ਸਿੰਘ ਨੇ ਸੋਦਰ ਰਹਿਰਾਸ ਜੀ ਦਾ ਪਾਠ ਸਮਾਪਤ ਕੀਤਾ, ਫੇਰ



www.AKJ.Org

ਅਰਦਾਸ ਕੀਤੀ ਜੋ ਤਕਰੀਬਨ ਅਧੇ ਘੰਟੇ ਵਿਚ ਸਮਾਪਤ ਹੋਈ ਹੋਵੇਗੀ, ਨਾਲ ਹੀ ਉਸ ਸਿੰਘ ਦਾ ਰੁਦਨ ਛੁਟ ਪਿਆ । ਏਨੇ ਨੂੰ ਭੈਣ ਕਰਤਾਰ ਕੌਰ ਜੀ (ਭਾਈ ਸਾਹਿਬ ਜੀ ਦੀ ਸੁਪਤਨੀ) ਪਰਸ਼ਾਦੇ ਸਾਰੇ ਸਿੰਘਾਂ ਵਾਸਤੇ ਢਾਬ ਤੇ ਹੀ ਲੈ ਆਈ। ਪਰਸ਼ਾਦੇ ਛਕ ਕੇ ਏਥੇ ਹੀ ਕੀਰਤਨ ਹੋਣ ਲਗ ਪਿਆ। ਸਾਰੀ ਰਾਤ ਏਸੇ ਹੀ ਰੰਗ ਵਿਚ ਗੁਜ਼ਰ ਗਈ।

## ਪ੍ਰੇਮ-ਖਿਚਾਂ

ਇਕ ਵਾਰ ਦਾ ਜ਼ਿਕਰ ਹੈ, ਸ੍ਰੀ ਮਾਨ ਭਾਈ ਸਾਹਿਬ ਜੀ ਇਕਲੇ ਹੀ ਏਸ ਢਾਬ ਤੇ ਬੈਠੇ ਸਨ। ਆਪ ਸਿਮਰਨ ਦੇ ਰੰਗਾਂ ਵਿਚ ਸਨ ਤੇ ਇਧਰ ਲੁਧਿਆਣੇ ਖਾਲਸਾ ਹਾਈ ਸਕੂਲ ਦੇ ਭੁਝੰਗੀਆਂ ਨੇ ਆਪਸ ਵਿਚ ਸਲਾਹ ਕੀਤੀ ਕਿ ਭਾਈ ਸਾਹਿਬ ਜੀ ਨੂੰ ਸੁਰਤ ਰਾਹੀਂ ਵਾਇਰਲੈਸ ਭੇਜੀਏ। ਏਹ ਭੁਝੰਗੀ ਰੇਲਵੇ ਦੇ ਪੁਲ ਦੇ ਆਸ ਪਾਸ ਸਮਾਧੀਆਂ ਲਾ ਕੇ ਬੈਠ ਗਏ। ਉਧਰ ਕੁਛ ਚਿਰ ਬਾਦ ਭਾਈ ਸਾਹਿਬ ਜੀ ਨੂੰ ਢਾਬ ਤੇ ਬੈਠਿਆਂ ਨੂੰ ਅੰਤਰ ਆਤਮੇ ਖਿੱਚ ਪਈ। ਵਾਹੋ ਦਾਹੀ ਭਜੇ। ਰਾਏ ਪੁਰ ਸਟੇਸ਼ਨ ਤੋਂ ਗਡੀ ਵਿਚ ਬੈਠ ਕੇ ਲੁਧਿਆਣੇ ਪਹੁੰਚ ਗਏ। ਜਦੋਂ ਭੁਝੰਗੀਆਂ ਨੇ ਦੇਖਿਆ, ਤਾਂ ਕਹਿਣ ਲਗ ਪਏ, "ਹੱਦ ਹੋ ਗਈ, ਸਾਡੀ ਵਾਇਰਲੈਸ ਪਹੁੰਚ ਗਈ।" ਇਹ ਸਾਰਾ ਬਿਰਤਾਂਤ ਭਾਈ ਸਾਹਿਬ ਜੀ ਨੇ ਦਾਸ ਨੂੰ ਸੁਣਾਇਆ ਸੀ।

## ਅਖੰਡ ਪਾਠ ਤੇ ਅੰਮ੍ਰਿਤ ਸੰਚਾਰੀ ਸਮਾਗਮ

ਭਾਈ ਸਾਹਿਬ ਜੀ ਆਪ ਭੀ ਅਖੰਡ ਪਾਠ ਕਰਿਆ ਕਰਦੇ ਸਨ ਤੇ ਅਖੰਡ ਪਾਠ ਕਰਨ ਤੋਂ ਪਹਿਲਾਂ ਅਖੰਡ ਪਾਠੀਆਂ ਦੀ ਸੁਧਾਈ ਕਰਿਆ ਕਰਦੇ ਸਨ। ਫੇਰ ਪਾਠੀਆਂ ਨੂੰ ਹਦਾਇਤ ਸੀ ਕਿ ਸਾਰੇ ਪਾਠੀ ਨਾਲੇ ਪਾਠ ਕਰਨ, ਨਾਲੇ ਅਖੰਡ ਮੰਡਲ ਵਿਚ ਬੈਠ ਕੇ ਪਾਠ ਸੁਣਨ । ਸਿਰਫ ਮਦਾਨ ਜਾਂ ਇਸ਼ਨਾਨ ਵਾਸਤੇ ਹੀ ਬਾਹਰ ਜਾਂਦੇ ਸਨ । ਪਾਠੀਆਂ ਦੀਆਂ ਰੌਲਾਂ ਕੋਈ ਨਹੀਂ ਸੀ ਲਿਖਦਾ। ਇਕ ਪਾਠੀ ਪਾਠ ਕਰ ਰਿਹਾ ਹੈ, ਦੂਜਾ ਪਾਠੀ ਆਪਣੇ ਆਪ ਹੀ ਜਾ ਕੇ ਪਾਠ ਕਰਨ ਲਗ ਪੈਂਦਾ ਸੀ। ਕਈ ਵਾਰੀ ਵੇਖਣ ਵਿਚ ਆਇਆ ਕਿ ਦੂਜੇ ਪਾਠੀ ਨੂੰ ਰੁਦਨ ਕਰਦੇ ਨੂੰ ਮਸਾਂ ਮਸਾਂ ਜਾ ਕੇ ਉਠੋਣਾ।

ਜਿਨ੍ਹਾਂ ਗੁਰਮੁਖਾਂ ਅੰਮ੍ਰਿਤ ਦੀ ਦਾਤ ਲੈਣੀ ਹੁੰਦੀ, ਉਹ ਪੁਰਸ਼ ਭੀ ਸਾਰਾ ਅਖੰਡ ਪਾਠ ਸਰਵਣ ਕਰਦੇ। ਅਖੰਡ ਪਾਠ ਦੇ ਭੋਗ ਦੇ ਬਾਦ ਆਸਾ ਦੀ ਵਾਰ ਦਾ ਕੀਰਤਨ ਤੇ ਉਸ ਤੋਂ ਬਾਦ ਅੰਮ੍ਰਿਤ ਸੰਚਾਰ ਸਮਾਗਮ ਅਰੰਭ ਹੁੰਦਾ ਸੀ। ਪੰਜਾਂ ਸਿੰਘਾਂ ਨੂੰ ਹੀ ਅੰਮ੍ਰਿਤ ਛਕਾਉਣ ਦਾ ਅਧਿਕਾਰ ਹੁੰਦਾ ਹੈ, ਪੰਜਾਂ ਨੇ ਹੀ ਚੁਲਾ ਦੇਣਾ ਹੁੰਦਾ ਹੈ, ਪੰਜਾਂ ਨੇ ਹੀ ਕੇਸਾਂ ਵਿਚ ਅੰਮ੍ਰਿਤ ਸੰਚਾਰ ਕਰਦਾ ਹੁੰਦਾ ਹੈ ਤੇ ਪੰਜਾਂ ਨੇ ਹੀ ਨੇਤਰਾਂ ਵਿਚ ਅੰਮ੍ਰਿਤ ਦੇ ਛਟੇ ਮਾਰਨੇ ਹੁੰਦੇ ਹਨ। ਭਾਈ



www.AKJ.Org

ਸਾਹਿਬ ਜੀ ਇਸ ਗਲ ਦੇ ਬਹੁਤ ਕਾਇਲ ਸਨ ਕਿ ਕੋਈ ਇਕੱਲਾ ਮਹੰਤ ਨਹੀਂ ਬਣ ਬੈਠਣਾ ਚਾਹੀਦਾ।

## ਪੰਜ ਪਿਆਰੇ–ਕਦੋਂ ਤਕ ?

ਇਕ ਦਿਨ ਦਾਸ ਨੇ ਸਵਾਲ ਕੀਤਾ, "ਇਹ ਪੰਜ ਪਿਆਰੇ ਕਦ ਤਕ ਪੰਜ ਪਿਆਰੇ ਹਨ ?" ਉਨ੍ਹਾਂ ਨੇ ਉਤਰ ਵਿਚ ਕਿਹਾ, "ਜਦੋਂ ਅੰਮ੍ਰਿਤ ਛਕਾਉਣ ਵਾਸਤੇ ਪੰਜ ਪਿਆਰੇ ਤਿਆਰ ਬਰਤਿਆਰ ਹੋ ਗਏ ਤੇ ਅੰਮ੍ਰਿਤ ਤਿਆਰ ਕਰਨ ਦਾ ਅਰਦਾਸਾ ਸੋਧਿਆ ਗਿਆ, ਉਸ ਸਮੇਂ ਤੋਂ ਅੰਮ੍ਰਿਤ ਤਿਆਰ ਹੋ ਕੇ ਅੰਮ੍ਰਿਤ ਛਕਾਉਣ ਦਾ ਅਰਦਾਸਾ ਹੋ ਜਾਣ ਤਕ ਪੰਜ ਪਿਆਰੇ ਹਨ ਉਸ ਤੋਂ ਬਾਦ ਜਿਸ ਤਰ੍ਹਾਂ ਆਮ ਸੰਗਤ ਹੈ ਉਸੇ ਰੂਪ ਵਿਚ।"

## ਅਖੰਡ ਪਾਠ ਸਮੇਂ ਮਿੱਟੀ ਦਾ ਤੇਲ ਵਰਤਣ ਤੋਂ ਸੰਕੋਚ

ਦਾਸ ਇਕ ਵਾਰ ਭਾਈ ਸਾਹਿਬ ਜੀ ਨਾਲ ਮੁਲਾਕਾਤ ਕਰਨ ਲਈ ਹਜ਼ਾਰੀ ਬਾਗ ਜੇਲ੍ਹ ਵਿਚ ਗਿਆ। ਮੁਲਾਕਾਤ ਸਮੇਂ ਦਾਸ ਨੂੰ ਭਾਈ ਸਾਹਿਬ ਜੀ ਨੇ ਕਹਿਆ, "ਤੁਸੀਂ ਜਿਹੜੇ ਅਖੰਡਪਾਠ ਕਰਦੇ ਹੋ, ਉਨ੍ਹਾਂ ਦੇ ਦੌਰਾਨ ਮੈਨੂੰ ਮਿੱਟੀ ਦੇ ਤੇਲ ਦੀ ਬੋ ਆਉਂਦੀ ਰਹਿੰਦੀ ਹੈ।" ਦਾਸ ਨੇ ਆ ਕੇ ਕਈ ਸਿੰਘਾਂ ਨੂੰ ਬੇਨਤੀ ਕੀਤੀ ਕਿ ਅਖੰਡਪਾਠ ਕਰਨ ਲਗਿਆਂ ਰਾਤ ਨੂੰ ਮਿਟੀ ਦਾ ਤੇਲ ਨਾ ਜਲਾਇਆ ਕਰੋ। ਕਈ ਹਟ ਗਏ, ਕਈ ਅਜੇ ਭੀ ਮਿਟੀ ਦਾ ਤੇਲ ਜਲਾ ਲੈਂਦੇ ਹਨ, ਪਰ ਇਹ ਮਰਿਆਦਾ ਠੀਕ ਨਹੀਂ।

## ਅੰਮ੍ਰਿਤ ਦਾ ਸਤਿਕਾਰ

ਦਾਸ ਨੂੰ ਅੰਮ੍ਰਿਤ ਛਕਾਉਣ ਦੀ ਸੇਵਾ ਵਿਚ ਬਹੁਤ ਵਾਰ ਲਿਆ ਜਾਇਆ ਕਰਦਾ ਸੀ। ਇਕ ਵਾਰ ਇਕ ਸਿੰਘ ਨੇ ਸਫ਼ਾਰਸ਼ ਕੀਤੀ ਕਿ ਇਕ ਬਾਹਰ ਬੈਠੇ ਪ੍ਰਾਣੀ ਨੂੰ ਭੀ ਇਕ ਅੰਮ੍ਰਿਤ ਦਾ ਚੁਲਾ ਦੇ ਦਿਤਾ ਜਾਵੇ। ਵਿਚਾਰ ਹੋਈ ਕਿ ਜੇ ਉਸ ਪ੍ਰਾਣੀ ਤੋਂ ਕੋਈ ਗਲਤੀ ਹੋ ਗਈ ਹੈ ਤਾਂ ਆ ਕੇ ਪੰਜਾਂ ਪਿਆਰਿਆਂ ਦੇ ਪੇਸ਼ ਹੋਵੇ ਫੇਰ ਜੇ ਪੰਜਾਂ ਪਿਆਰਿਆਂ ਨੇ ਸਮਝਿਆ ਕਿ ਇਹ ਅੰਮ੍ਰਿਤ ਦਾ ਅਧਿਕਾਰੀ ਹੈ ਤਾਂ ਅੰਮ੍ਰਿਤ ਛਕਾਇਆ ਜਾ ਸਕਦਾ ਹੈ, ਪਰ ਅੰਮ੍ਰਿਤ ਨੂੰ ਬਾਹਰ ਲੈ ਜਾਣਾ ਗੁਰਮਤਿ ਦੇ ਉਲਟ ਹੈ।

## ਮੁਢਲੀ ਅਵਸਥਾ ਵਿਚ ਡਿੱਠਾ–ਅਖੰਡ ਪਾਠ ਸਮਾਗਮ

ਇਕ ਵਾਰ ਦਾ ਜ਼ਿਕਰ ਹੈ ਕਿ ਸ੍ਰੀ ਮਾਨ ਬਾਊ ਮਲ ਸਿੰਘ ਜੀ ਫੌਜ ਵਿਚੋਂ ਛੁਟੀ ਲੈ ਕੇ ਨਾਰੰਗਵਾਲ ਆਏ ਅਤੇ ਆਪਣੇ ਪਿੰਡ ਸਰਲੀਆਂ ਅਖੰਡ ਪਾਠ ਅਰੰਭ ਕਰਨ ਲਈ ਭਾਈ ਸਾਹਿਬ ਜੀ ਪਾਸੋਂ ਤਾਰੀਖ ਮੰਗੀ। ਭਾਈ ਸਾਹਿਬ ਜੀ ਨੇ ਮਨਜ਼ੂਰੀ ਦੇ ਦਿਤੀ। ਬਾਊ ਜੀ ਉਸੇ ਵਕਤ ਆਪਣੇ ਪਿੰਡ ਨੂੰ


www.AKJ.Org

ਚਲੇ ਗਏ। ਪਿਛੋਂ ਸਾਰਾ ਜੱਥਾ ਨਾਰੰਗਵਾਲ ਤੋਂ ਇਕੱਠਾ ਹੋ ਕੇ ਅਖੰਡ ਪਾਠ ਅਰੰਭ ਕਰਨ ਤੋਂ ਇਕ ਦਿਨ ਪਹਿਲਾਂ ਰਾਏਪੁਰ ਤੋਂ ਗਡੀ ਚੜ੍ਹ ਕੇ ਤੁਰ ਪਿਆ, ਗਡੀ ਵਿਚ ਹੀ ਕੀਰਤਨ ਸ਼ੁਰੂ ਹੋ ਗਿਆ। ਚਾਰ ਘੰਟਿਆਂ ਵਿਚ ਅਸੀਂ ਟਾਂਗਰੇ ਸਟੇਸ਼ਨ ਤੇ ਪਹੁੰਚੇ। ਏਹ ਨਜ਼ਾਰਾ ਦੇਖਣ ਵਾਲਾ ਸੀ, ਜਦੋਂ ਸਟੇਸ਼ਨ ਤੋਂ ਬਾਹਰ ਨਿਕਲੇ ਤਾਂ ਅਗੋਂ ਬਾਊ ਜੀ ਸਟੇਸ਼ਨ ਤੇ ਨੰਗੇ ਪੈਰੀਂ ਪਹੁੰਚੇ ਹੋਏ ਸਨ। ਛਪਾਲ ਕਰਕੇ ਬਾਊ ਜੀ ਆਪਣੀ ਮਸਤੀ ਵਿਚ ਹੀ ਡਿਗ ਪਏ। ਜੱਥਾ ਕੀਰਤਨ ਕਰੀ ਗਿਆ। ਬਾਊ ਜੀ ਦੀ ਹਾਲਤ ਨੂੰ ਸਾਰਾ ਜੱਥਾ ਦੇਖ ਰਿਹਾ ਸੀ। ਭਾਈ ਸਾਹਿਬ ਜੀ ਨੇ ਬਾਊ ਜੀ ਨੂੰ ਚੁਕ ਕੇ ਗਲੇ ਨਾਲ ਲਾ ਲਿਆ। ਜੱਥਾ ਕੀਰਤਨ ਕਰਦਾ ਹੋਇਆ ਸਰਲੀਆਂ ਪਿੰਡ ਨੂੰ ਤੁਰ ਪਿਆ। ਇਸ ਸਮੇਂ ਬਾਊ ਜੀ ਦੀ ਬਹੁਤ ਹੀ ਵੈਰਾਗ ਮਈ ਅਵਸਥਾ ਸੀ। ਉਹ ਮੁਖੋਂ ਸ਼ਬਦ ਪੜ੍ਹ ਰਹੇ ਸਨ –

"ਧੂੜੀ ਵਿਚ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ ॥"

ਚਾਰ ਪੰਜ ਮੀਲ ਕੀਰਤਨ ਹੀ ਹੁੰਦਾ ਗਿਆ। ਜਦੋਂ ਸਰਲੀਆਂ ਪਿੰਡ ਜੱਥਾ ਪਹੁੰਚਿਆ ਤਾਂ ਸਾਰਾ ਪਿੰਡ ਜਥੇ ਦਾ ਕੀਰਤਨ ਸੁਣਨ ਵਾਸਤੇ ਬਾਹਰ ਆ ਗਿਆ। ਜੱਥਾ ਕੀਰਤਨ ਦੇ ਰੰਗਾਂ ਵਿਚ ਹੀ ਬਾਊ ਜੀ ਦੇ ਘਰ ਪਹੁੰਚਿਆ। ਬਾਊ ਜੀ ਮਸਤ ਅਲਮਸਤ ਸਨ। ਭੈਣ ਨਿਹਾਲ ਕੌਰ ਨੂੰ ਕਹਿ ਰਹੇ ਸਨ, "ਅਜ ਅਕਾਲ ਪੁਰਖ (ਸੰਗਤ ਦੇ ਰੂਪ ਵਿਚ) ਘਰ ਵਿਚ ਆ ਗਿਆ ਹੈ। ਰੱਜ ਕੇ ਸੇਵਾ ਕਰ, ਫਿਰ ਇਹ ਵੇਲਾ ਹੱਥ ਨਹੀਂ ਆਉਣਾ।"

ਜੱਥੇ ਨੇ ਜਿਥੇ ਅਖੰਡ ਪਾਠ ਰਖਣਾ ਸੀ ਫਿਰ ਕੀਰਤਨ ਸ਼ੁਰੂ ਕਰ ਦਿਤਾ। ਕਿਸੇ ਪਰਸ਼ਾਦਾ ਛਕਿਆ ਤੇ ਕਈ ਰਬੀ ਰੰਗਾਂ ਵਿਚ ਹੀ ਮਸਤ ਰਹੇ। ਦੋ ਘੰਟੇ ਦੇ ਕਰੀਬ ਹੀ ਆਰਾਮ ਕੀਤਾ ਹੋਵੇਗਾ। ਫੇਰ ਉਠ ਕੇ ਇਸ਼ਨਾਨ ਕਰਨ ਪਿਛੋਂ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਹੋ ਗਿਆ। ਤਰਕੀਬਨ ਦਸ ਕੁ ਵਜੇ ਕੀਰਤਨ ਦਾ ਭੋਗ ਪਿਆ। ਫੇਰ ਅਖੰਡ ਪਾਠ ਅਰੰਭ ਹੋ ਗਿਆ। ਸਾਰੇ ਪਾਠੀ ਤੇ ਸਰੋਤੇ ਪੁਰਸ਼ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਹੀ ਬੈਠ ਗਏ। ਬਾਊ ਜੀ ਤਾਂ ਆਪਣੇ ਹੀ ਰੰਗਾਂ ਵਿਚ ਮਸਤ ਅਲਮਸਤ ਬੈਠੇ ਹੀ ਰਹਿੰਦੇ ਸਨ। ਭੈਣ ਨਿਹਾਲ ਕੌਰ ਤੋਂ ਜੋ ਕੁਛ ਮੰਗੀਦਾ ਸੀ ਸੋ ਮਿਲ ਜਾਂਦਾ ਸੀ। ਸ੍ਰੀ ਮਾਨ ਭਾਈ ਸਾਹਿਬ ਜੀ ਨੇ ਸਾਰਾ ਅਖੰਡ ਪਾਠ ਇਕੋ ਸਮਾਧੀ ਵਿਚ ਬੈਠ ਕੇ ਸੁਣਿਆ। ਦਾਸ ਅਜੇ ਨਵਾਂ ਨਵਾਂ ਸੀ ਦੇਖ ਦੇਖ ਕੇ ਹੈਰਾਨ ਹੋਵੇ। ਨਾਲ ਹੀ ਮਨ ਵਿਚ ਆਖੇ ਕਿ ਇਹ ਕਾਹਦੇ ਬਣੇ ਹੋਏ ਹਨ। ਕੀਰਤਨ ਕਰਦੇ ਥਕਦੇ ਨਹੀਂ, ਨਾਲ ਹੀ ਅਖੰਡ ਪਾਠ ਕਰੀ ਜਾਂਦੇ ਹਨ। ਸੌਂਦੇ ਭੀ


www.AKJ.Org

ਨਹੀਂ ਤੇ ਆਰਾਮ ਭੀ ਘਟ ਹੀ ਜਾਂ ਮਾਮੂਲੀ ਜਿਹਾ ਹੀ ਕਰਦੇ ਹਨ।

ਤੀਸਰੇ ਦਿਨ ਅਖੰਡ ਪਾਠ ਦਾ ਭੋਗ ਪੈ ਗਿਆ। ਕੀਰਤਨ ਅਰੰਭ ਹੋ ਗਿਆ। ਦਿਨ ਦੇ ਬਾਰਾਂ ਵਜੇ ਭੋਗ ਪਿਆ ਹੋਵੇਗਾ। ਉਸ ਤੋਂ ਬਾਦ ਪਰਸ਼ਾਦਾ ਤਿਆਰ ਸੀ, ਪਰ ਛਕਣ ਨੂੰ ਕੋਈ ਤਿਆਰ ਨਹੀਂ ਸੀ, ਸਭ ਰਬੀ ਰੰਗਾਂ ਵਿਚ ਰੰਗੀਜੇ ਪਏ ਸਨ, ਅਖਾਂ ਵਿਚ ਮਸਤੀ ਸੀ, ਬੋਲਦਾ ਕੋਈ ਨਹੀਂ ਸੀ। ਦਾਸ ਵਰਗੇ ਅਣਜਾਣ ਪੁਰਸ਼ ਵੇਖ ਕੇ ਹੈਰਾਨ ਹੋ ਰਹੇ ਸਨ।

ਸਭ ਦੀਆਂ ਬਾਵਰੀਆਂ ਹਾਲਤਾਂ ਹੋ ਰਹੀਆਂ ਸਨ। ਦਾਸ ਵਿਚ ਤਾਂ ਇਤਨਾ ਪ੍ਰੇਮ ਨਹੀਂ ਸੀ, ਪਰ ਦਾਸ ਇਨ੍ਹਾਂ ਸਾਰੇ ਰੰਗਲੇ ਸਜਣਾਂ ਨੂੰ ਦੇਖ ਦੇਖ ਕੇ ਤ੍ਰਿਪਤ ਹੋਈ ਜਾਂਦਾ ਸੀ।

ਸਚਖੰਡ ਵਾਸੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਹਿੰਦੁਸਤਾਨ ਭਰ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਸ਼ਹੀਦੀ ਪੁਰਬ ਸਮਾਗਮ ਗੁਰਦਵਾਰਾ ਤਪੋ ਬਨ ਕੁਮਾਰ ਹਟੀ (ਸ਼ਿਮਲਾ ਹਿਲਜ਼) ਵਿਖੇ –

## * ਪ੍ਰੋਗਰਾਮ *

੨੨ ਮਈ, ਐਤਵਾਰ. ਸ਼ਾਮ, ਸੰਗਤ ਦੀ ਆਮਦ,
੭ ਤੋਂ ੯ ਤਕ ਸੋਦਰ ਤੇ ਅਖੰਡ ਕੀਰਤਨ।

੨੩ ਮਈ ਸੋਮਵਾਰ ਸਵੇਰੇ ੫ ਤੋਂ ੯ ਵਜੇ ਤਕ ਕੀਰਤਨ ਆਸਾ ਦੀ ਵਾਰ।
ਸ਼ਾਮ ੭ ਤੋਂ ੯ ਤਕ ਸੋਦਰ ਤੇ ਅਖੰਡ ਕੀਰਤਨ।

੨੪ ਮਈ ਮੰਗਲਵਾਰ ਸਵੇਰੇ ੫ ਤੋਂ ੧੨ ਵਜੇ ਤਕ ਕੀਰਤਨ ਆਸਾ ਦੀ ਵਾਰ।

### ਗੁਰਦਵਾਰਾ ਸਿੰਘ ਸਭਾ ਡਲਹੌਜ਼ੀ

੨੪ ਮਈ ਮੰਗਲਵਾਰ ਰਾਤ ਨੂੰ ੮ ਵਜੇ ਆਰੰਭ ਰੈਣ ਸਬਾਈ ਕੀਰਤਨ
ਅਗਲੇ ਦਿਨ ਸਮਾਪਤੀ ਸਵੇਰੇ ੮ ਵਜੇ।

ਨੋਟ–੧. ਅੰਮ੍ਰਿਤ ਸੰਚਾਰ ਸਮਾਗਮ ੨੪ ਮਈ ਦੁਪਹਿਰ ਨੂੰ ਹੋਣਗੇ।
੨. ਕੁਮਾਰ ਹਟੀ ਕਾਲਕਾ-ਸ਼ਿਮਲਾ ਲਾਇਨ ਤੇ ਰੇਲਵੇ ਸਟੇਸ਼ਨ ਹੈ।

ਜ਼ਰੂਰੀ ਨੋਟ–ਇਸ ਵਾਰ ਕੁਝ ਜਰੂਰੀ ਕਾਰਨਾਂ ਕਰਕੇ, ਬਾਕੀ ਕੀਰਤਨੀ ਪ੍ਰੋਗਰਾਮ ਨਹੀਂ ਛਪ ਸਕੇ। ਪਾਠਕਾਂ ਤੋਂ ਖਿਮਾਂ ਦੇ ਜਾਚਕ ਹਾਂ। –ਮੈਨੇਜਰ

ਪ੍ਰਭਜੋਤ ਪ੍ਰਿੰਟਿੰਗ ਪ੍ਰੈਸ ਬਹਾਦਰ ਨਗਰ ਅੰਮ੍ਰਿਤਸਰ ਤੋਂ ਅਖੰਡ ਕੀਰਤਨੀ ਜੱਥਾ ਪਟਿਆਲਾ ਲਈ ਜਸਬੀਰ ਸਿੰਘ 'ਬੀਰ' ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ।


www.AKJ.Org

www.AKJ.org

www.AKJ.Org

## ਸ਼ਹੀਦੀ ਅਸਥਾਨ

# ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ



# ਗੁਰਦਵਾਰਾ ਡੇਹਰਾ ਸਾਹਿਬ, ਲਾਹੌਰ (ਪਾਕਿਸਤਾਨ)

ਇਸ ਸ਼ਹੀਦੀ ਅਸਥਾਨ ਵਿਖੇ, ਇਸ ਸ਼ਹੀਦੀ ਪੁਰਬ ਸਮੇਂ ਪੰਜਾਬ ਦੀ ਵੰਡ ਤੋਂ ਪਹਿਲਾਂ ਲਖਾਂ ਦੀ ਗਿਣਤੀ ਵਿੱਚ ਬੇ-ਅੰਤਹਾ ਸੰਗਤਾ ਪੁਜ ਕੇ ਸ਼ਰਧਾਂਜਲੀਆਂ ਭੇਟ ਕਰਦੀਆਂ ਸਨ ।

## ਸ਼ਹੀਦੀ ਬ੍ਰਿਤਾਂਤ ਇਸੇ ਪਰਚੇ ਦੇ ਅੰਦਰ ਵੇਖੋ।

**ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਕੀਰਤਨੀ ਜੱਥਿਆਂ ਵਲੋਂ ਐਤਕੀ ਇਹ ਸ਼ਹੀਦੀ ਪੁਰਬ ਕੁਮਾਰਹੱਟੀ (ਸ਼ਿਮਲਾ ਹਿਲਜ਼) ਵਿਖੇ ਮਨਾਇਆ ਜਾ ਰਿਹਾ ਹੈ ।**

www.AKJ.Org